# ਅੰਮ੍ਰਿਤ ਕੀਰਤਨ

ਅੰਕ 10 ਸਾਲ ਤੀਜਾ ਅਕਤੂਬਰ 1991




ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

**ਅੰਕ 10** **ਸਾਲ ਤੀਜਾ** **ਅਕਤੂਬਰ 1991**

ਾਦਕ (ਆਨਰੇਰੀ)
ੀਰ ਸਿੰਘ
ੇ
ਚਨ ਸਿੰਘ ਤ ਸੀ
ਲ ਸਿੰਘ ਸੋਮਲ
ਸਿੰਘ ਚੌਪੜਾ
. ਕੁਲਦੀਪ ਸਿੰਘ
. ਸਤਵਿੰਦਰ ਸਿੰਘ
ਚੱਤਰਕਾਰ : ਗੁਰਦੀਪ ਸਿੰਘ ਦੀਪ

ਠੀ ਪੱਤਰ ਲਈ ਪਤਾ :
**ਮ੍ਰਿਤ ਕੀਰਤਨ ਟ੍ਰਸਟ (ਰਜਿ.)**
**ਸੈਕਟਰ 15-ਏ,**
**ੜ੍ਹ-160015**
**4660**

ਚੰਦੇ ਦਾ ਵੇਰਵਾ
ੀ 5 ਰੁਪਏ
ਾਲਾਨਾ 50 ਰੁਪਏ
ਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਤੁਹਾਡੇ ਪੱਤਰ 4
2. ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਦਾ ਮਹੱਤਵ — ਡਾ. ਜਾਗੀਰ ਸਿੰਘ 5
3. ਗੁਰੂ ਨਾਨਕ ਅਨਮੋਲ—ਬਚਨ ਹਰਿਭਜਨ ਸਿੰਘ 10
4. ਸਕੂਲਾਂ ਅਤੇ ਕਾਲਜਾਂ ਵਿੱਚ ਗੁਰਬਾਣੀ ਸੰਗੀਤ 11
5. ਆਸਾ ਦੀ ਵਾਰ ਦਾ ਲੜੀਵਾਰ ਵੀਚਾਰ —ਪ੍ਰੇਮ ਸਿੰਘ ਪ੍ਰੇਮ 16
6. ਮਾਤਾ ਖੀਵੀ ਸੰਗੀਤ ਵਿਦਿਆਲਾ —ਸੁਰਜੀਤ ਸਿੰਘ ਸਰੂਪ ਸਿੰਘ 19
7. ਰਾਗ ਕਿਸ ਨੂੰ ਆਖਦੇ ਹਨ ? —ਬੇਦੀ ਲਾਲ ਸਿੰਘ ਸਾਹਿਤਕਾਰ 21
8. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ —ਸੁੱਚਾ ਸਿੰਘ 25
9. ਕੀਰਤਨ ਸਿੱਖ ਧਰਮ ਫਿਲਾਸਫੀ ਵਿੱਚੋਂ 27
10. ਸ਼ਬਦ-ਸੁਰ ਰਿਪੀ ਰਾਗ ਆਸਾ —ਸੰਤ ਸਰਵਣ ਸਿੰਘ ਗੰਧਰਬ 32
11. **Kirtan Opens The Inner Eye —Dr. Bishan Swaroop Aggawal** 43

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8- 90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਤੁਹਾਡੇ ਪੱਤਰ

ਅਗਸਤ 1991 ਦੇ ਅੰਕ ਵਿਚ ਜੋ ਰਾਗ ਸਾਰੰਗ ਵਿਚ ਸੁਰ ਲਿਪੀ ਦਿੱਤੀ ਗਈ ਹੈ। ਉਹ ਅਸਲ ਵਿਚ ਵਡਹੰਸ ਸਾਰੰਗ ਦੀ ਸੁਰ ਲਿਪੀ ਹੈ। ਸਾਰੰਗ ਦੇ 14 ਭੇਦ ਹਨ : 1. ਸ਼ੁੱਧ ਸਾਰੰਗ 2. ਵਡਹੰਸ ਸਾਰੰਗ 3. ਸੰਬਾਰੀ ਸਾਰੰਗ 4. ਗੌਂਡ ਸਾਰੰਗ 5. ਸਧੁਮਾਧ ਸਾਰੰਗ 6. ਮਲਦੂਹਨ ਸਾਰੰਗ 7. ਬ੍ਰਿੰਦਾਬਨੀ ਸਾਰੰਗ 8. ਸਾਵੰਤ ਸਾਰੰਗ 9. ਧੌਲੀਆ ਸਾਰੰਗ 10. ਸੋਰਠੀ ਸਾਰੰਗ 11. ਸਚਾਨਕ ਸਾਰੰਗ 12. ਲੁਹਜਾ ਸਾਰੰਗ 13. ਲੰਕਦਹਨ ਸਾਰੰਗ 14. ਗੋਬਗਰੀ ਸਾਰੰਗ ਇਹ ਚੌਦਾਂ ਭੇਦਾਂ ਨੂੰ ਗਾਉਣ ਦਾ ਸਮਾਂ ਵੀ ਵੱਖ ਵੱਖ ਹੈ। ਸੋ ਕਿਸੇ ਵੀ ਰਾਗ ਦੀ ਸੁਰ ਲਿਪੀ ਪ੍ਰਕਾਸ਼ਿਤ ਕਰਨ ਸਮੇਂ ਇਹਨਾਂ ਗੱਲਾਂ ਦਾ ਧਿਆਨ ਰਖਿਆ ਜਾਵੇ।

—ਬਲਵਿੰਦਰ ਸਿੰਘ ਅਨੇਜਾ, ਬੰਬਈ

ਅੰਮ੍ਰਿਤ ਕੀਰਤਨ ਵਿਚ ਹਰ ਮਹੀਨੇ ਇਕ ਸ਼ਬਦ ਸਿਖਾਉਣ ਲਈ ਰਾਗ, ਤਾਲ, ਸਰਗਮ ਸਮਾਂ ਸ਼ਬਦ ਅਤੇ ਹੋਰ ਲੇਖਾਂ ਰਾਹੀਂ ਗੁਰਸਿਖਾਂ ਵਿਚ ਆਤਮਕ ਰਸ ਭਰਦੇ ਹੋ। ਬਹੁਤ ਬਹੁਤ ਧੰਨਵਾਦ। ਤਬਲੇ ਦੀ ਜਾਣਕਾਰੀ ਬਾਰੇ ਵੀ ਕੁਝ ਛਾਪਣ ਦੀ ਕ੍ਰਿਪਾ ਕਰੋ।

—ਜੁਗਿੰਦਰ ਸਿੰਘ ਜੋਤ ਗੁਰਦੁਆਰਾ ਪਿੰਡ ਦਾਨੇਵਾਲ, ਮਲੋਟ

---

**ਸੰਗੀਤ ਸਮਾਚਾਰ**

## ਜੈ ਪੁਰ ਵਿਖੇ ਗੁਰਮਤ ਸਮਾਗਮ

ਮਿਤੀ 7 ਸਤੰਬਰ 1991 ਨੂੰ ਜੈ ਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦ ਪਹਿਲੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਗੁਰਮਤ ਸਮਾਗਮ ਕੀਤਾ ਗਿਆ। ਇਸ ਵਿਚ ਡਾਕਟਰ ਜਾਗੀਰ ਸਿੰਘ (ਅੰਮ੍ਰਿਤ ਕੀਰਤਨ) ਭਾਈ ਅਤਰ ਸਿੰਘ ਜਮਨਾ ਨਗਰ ਅਤੇ ਭਾਈ ਅਮਰੀਕ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ। ਗਿਆਨੀ ਸ਼ਿਵਦੇਵ ਸਿੰਘ ਸੰਪਾਦਕ ਕੇਸਰੀ ਨਿਸ਼ਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਬਾਰੇ ਲੈਕਚਰ ਕੀਤੇ।

# ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ ਦਾ ਮਹੱਤਵ

(ਪਿਛਲੇ ਅੰਕ ਤੋਂ ਅੱਗੇ)

ਡਾ. ਜਾਗੀਰ ਸਿੰਘ

**ਗੁਰੂ ਅਮਰ ਦਾਸ ਜੀ** : ਗੁਰੂ-ਕਾਵਿ ਧਾਰਾ ਦੇ ਤੀਜੇ ਕਵੀ ਗੁਰੂ ਅਮਰਦਾਸ ਜੀ ਹਨ। ਗੁਰੂ ਅੰਗਦ ਦੇਵ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਆਪ ਵੈਸ਼ਨਵ ਕੀਰਤਨ ਭਗਤੀ ਵਿਚ ਦ੍ਰਿੜ ਵਿਸ਼ਵਾਸ਼ ਰੱਖਦੇ ਸਨ। ਇਸ ਲਈ ਹੋ ਸਕਦਾ ਹੈ ਕਿ ਆਪ ਨੇ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ ਹੋਵੇ, ਪਰ ਇਸ ਦਾ ਕੋਈ ਸਬੂਤ ਨਹੀਂ ਮਿਲਦਾ ਡਾ. ਤਾਰਨ ਸਿੰਘ ਜੀ ਦਾ ਵਿਚਾਰ ਹੈ, 'ਹੋ ਸਕਦਾ ਹੈ ਕਿ ਗੁਰੂ-ਗੱਦੀ ਦੀ ਪ੍ਰਾਪਤੀ ਤੋਂ ਪਹਿਲਾਂ ਕੋਈ ਪਦਿਆਂ ਦੀ ਰਚਨਾ ਕੀਤੀ ਹੋਵੇ, ਜਿਵੇਂ ਕਿ ਆਮ ਵੈਸ਼ਨਵ ਭਗਤ ਕਰਿਆ ਕਰਦੇ ਹਨ, ਪਰ ਉਹ ਸਾਡੇ ਤੀਕ ਨਹੀਂ ਪੁੱਜੀ।[1] ਇਹਨਾਂ ਸੰਭਾਵਨਾਵਾਂ ਦਾ ਕਾਰਨ ਇਹ ਹੈ ਕਿ ਆਪ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਉਦੋਂ ਆਪ ਦੀ ਉਮਰ ਲਗਭਗ 61 ਸਾਲ ਦੀ ਸੀ। ਆਪ ਨੂੰ 72 ਸਾਲ ਦੀ ਉਮਰ ਵਿਚ ਗੁਰ-ਗੱਦੀ ਪ੍ਰਾਪਤ ਹੋਈ। ਆਪ ਜੀ ਦੀ ਜਿਹੜੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਸਦਾ ਰਚਨਾ ਕਾਲ 72 ਸਾਲ ਦੀ ਉਮਰ ਤੋਂ ਲੈ ਕੇ 90 ਸਾਲ ਦੀ ਉਮਰ ਤੱਕ ਹੈ। ਇਸ ਰਚਨਾ ਦੀ ਸ੍ਰੇਸ਼ਠਤਾ ਅਤੇ ਬਾਣੀ ਵਿਚ ਥਾਂ ਪਰ ਥਾਂ ਰਾਗਾਂ ਸੰਬੰਧੀ ਦਿੱਤੇ ਉਲੇਖਾਂ ਤੋਂ ਇਸ ਸੰਭਾਵਨਾ ਦਾ ਪੈਦਾ ਹੋਣਾ ਕੁਦਰਤੀ ਹੈ ਕਿ ਆਪ ਨੇ ਪਹਿਲਾਂ ਵੀ ਸੰਗੀਤ ਬੱਧ ਕਾਵਿ ਰਚਨਾ ਕੀਤੀ ਹੋਵੇਗੀ।

ਭਾਵੇਂ ਆਪ ਦੀ ਕਾਵਿ ਰਚਨਾ ਬਾਰੇ ਸੰਕੇਤ ਨਹੀਂ ਮਿਲਦਾ ਪਰ ਇਹ ਗੱਲ ਬਿਨ੍ਹਾਂ ਝਿਜਕ ਕਹੀ ਜਾ ਸਕਦੀ ਹੈ ਕਿ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਹੋਣ ਤੋਂ ਪਹਿਲਾਂ ਆਪ ਨੂੰ ਕਾਵਿ ਦੇ ਮਰਮ ਦੀ ਚੰਗੀ ਸੂਝ ਸੀ ਤਾਂ ਹੀ ਆਪ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਕੋਲੋਂ ਬਾਣੀ ਸੁਣਦਿਆਂ ਹੀ ਉਸ ਦੀ ਮਹਾਨਤਾ ਨੂੰ ਸਮਝ ਗਏ ਸਨ।

ਗੁਰੂ ਅੰਗਦ ਦੇਵ ਜੀ ਕੋਲ ਆ ਕੇ ਸੇਵਾ, ਸਿਮਰਨ, ਸ਼ੰਗੀਤ ਅਤੇ ਕਾਵਿ ਦੇ ਵਾਤਾਵਰਣ ਨਾਲ ਆਪ ਦੀ ਪ੍ਰਤਿਭਾ ਹੋਰ ਨਿੱਖਰ ਗਈ। ਗਿਆਨੀ ਗਿਆਨ ਸਿੰਘ ਅਨੁਸਾਰ ਜਦੋਂ ਆਪ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਉਦੋਂ ਆਪ ਨੂੰ ਅਨੰਦ ਸਾਹਿਬ ਦੀ ਪਹਿਲੀ ਤੁਕ ਫੁਰੀ।[2]

ਅਨਦ ਭਇਆ ਮੇਰੀ ਮਾਇ। ਸਤਿਗੁਰੂ ਮੈ ਪਾਇਆ।

ਗੁਰੂ ਅਮਰਦਾਸ ਜੀ ਨੇ ਜਦੋਂ ਗੁਰੂ ਗੱਦੀ ਸੰਭਾਲੀ ਉਦੋਂ ਉਹਨਾਂ ਨੇ ਵੀ ਗੁਰੂ ਅਗਦ ਦੇਵ ਜੀ ਦੇ ਨਿਤ ਨੇਮ ਦਾ ਅਨੁਸਰਣ ਕੀਤਾ। ਤਵਾਰੀਖ ਗੁਰੂ ਖਾਲਸਾ ਅਨੁਸਾਰ ਪਹੁਫੁਟੀ ਤੋਂ ਸੁਫੈਦ ਪੁਸ਼ਾਕਾ ਪਹਿਨ ਕੇ ਸਿੰਘਾਸਨ ਉੱਤੇ ਆ ਬੈਠਦੇ ; ਭਾਈ ਸਾਦੂ ਬਾਦੂ ਕੀਰਤਨ ਕਰਦੇ।[3]

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦੇ ਜੀਵਨ ਵਿਚ ਕਾਵਿ ਤੇ ਸੰਗੀਤ ਬਾਰੇ ਬੜੇ ਥੋੜ੍ਹੇ ਪ੍ਰਮਾਣੀਕ ਹਵਾਲੇ ਮਿਲਦੇ ਹਨ। ਪਰ ਇਹਨਾਂ ਹਵਾਲਿਆਂ ਤੋਂ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਆਪ ਦੇ ਜੀਵਨ ਵਿਚ ਇਹਨਾਂ ਦਾ ਘੱਟ ਮਹੱਤਵ ਪੂਰਨ ਸਥਾਨ ਨਹੀਂ ਸੀ।

ਗੁਰੂ ਰਾਮਦਾਸ ਜੀ : ਚੌਥੇ ਬਾਣੀਕਾਰ ਗੁਰੂ ਰਾਮਦਾਸ ਜੀ ਵੀ ਆਪਣੇ ਆਪਨੂੰ 'ਢਾਢੀ'[4] ਕਹਿ ਕੇ ਇਸ ਤੱਥ ਵੱਲ ਸੰਕੇਤ ਕਰਦੇ ਹਨ ਕਿ ਉਹ ਸੰਗੀਤ ਦੇ ਮਹੱਤਵ ਤੋਂ ਚੇਤੰਨ ਸਨ। ਗੁਰੂ ਕਾਵਿ ਵਿਚ ਆਪ ਨੇ ਰਾਗਾਂ ਦੀ ਗਿਣਤੀ 19 ਤੋਂ 31 ਕਰ ਦਿੱਤੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨਾਲੋਂ ਵੱਧ 11 ਨਵੇਂ ਰਾਗਾਂ ਵਿਚ ਬਾਣੀ ਰਚਨਾ ਆਪਣੇ ਆਪ ਵਿਚ ਇਕ ਵਿਸ਼ੇਸ਼ਤਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਰਾਗਾਂ ਵਿਚ ਰਚੀ। ਗੁਰੂ ਰਾਮਦਾਸ ਜੀ ਨੇ ਉਪਰੋਕਤ ਰਾਗਾਂ ਤੋਂ ਬਿਨਾਂ ਹੇਠ ਲਿਖੇ ਨਵੇਂ ਰਾਗਾਂ ਨੂੰ ਆਪਣੀ ਕਾਵਿ ਬਾਣੀ ਦੀ ਅਭਿਵਿਅਕਤੀ ਲਈ ਮਾਧਿਅਮ ਦੇ ਰੂਪ ਵਿਚ ਪ੍ਰਯੋਗ ਕੀਤਾ :

ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਾਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਤੇ ਕਲਿਆਨ। ਆਪ ਨੇ ਆਪਣੀ ਕਾਵਿ ਰਚਨਾ ਵਿਚ ਲੋਕ ਕਾਵਿ ਰੂਪਾਂ ਨੂੰ ਅਪਣਾਉਂਦਿਆਂ ਵਣਜਾਰਾ, ਕਰਹਲੇ, ਘੋੜੀਆਂ ਤੇ ਲਾਵਾਂ ਦਾ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕੀਤਾ। ਗੁਰੂ ਰਾਮ ਦਾਸ ਜੀ ਦੀ ਬਾਣੀ ਨੂੰ ਵੇਖਣ ਲਈ ਉਹਨਾਂ ਦੀ ਸ਼ਖਸੀਅਤ ਦਾ ਕਾਵਿਕ ਤੇ ਸੰਗੀਤਕ ਪਹਿਲੂ ਬੜਾ ਰੋਸ਼ਨ ਲਗਦਾ ਹੈ. ਪਰ ਉਹਨਾਂ ਦੇ ਸਿੱਖ ਸੰਸਥਾ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਵਾਲੇ ਜੀਵਨ ਦਾ ਬੜਾ ਹਿੱਸਾ ਅਜੇ ਅਗਿਆਤ ਹੈ। ਇੰਜ ਲਗਦਾ ਹੈ ਕਿ ਗੁਰੂ ਰਾਮਦਾਸ ਜੀ ਨੇ ਆਪਣੀ ਸਾਰੀ ਸਿੱਖਿਆ ਗੁਰੂ ਅਮਰਦਾਸ ਜੀ ਦੀ ਛਤਰ ਛਾਇਆ ਥੱਲੇ ਗੋਇੰਦਵਾਲ ਵਿਖੇ ਹੀ ਪ੍ਰਾਪਤ ਕੀਤੀ। ਉਹਨਾਂ ਦਿਨਾਂ ਵਿਚ ਗੋਇੰਦਵਾਲ ਸਚਾਈ ਦੀ ਖੋਜ ਦਾ ਇਕ ਮਹਾਨ ਕੇਂਦਰ ਬਣ ਚੁੱਕਾ ਸੀ। ਇਥੇ ਗੁਰੂ-ਸੰਗਤ ਤੋਂ ਲਾਭ ਪ੍ਰਾਪਤ ਕਰਨ ਲਈ ਵਿਦਵਾਨ ਪੰਡਿਤ ਕਲਾਕਾਰ, ਸੰਗੀਤ-ਵੇਤਾ ਆਦਿ ਇਕੱਠੇ ਹੋਇਆ ਕਰਦੇ ਸਨ। ਗੁਰੂ ਰਾਮਦਾਸ ਜੀ ਨੇ ਇਥੇ ਛੰਦ-ਸ਼ਾਸ਼ਤ੍ਰ ਦਾ ਅਧਿਐਨ ਕਰਕੇ ਕਈ ਭੇਦ ਸਿੱਖੇ।"[5] ਹੋ ਸਕਦਾ ਹੈ ਆਪ ਨੇ ਇਥੇ ਸੰਗੀਤ-ਸਿੱਖਿਆ ਪ੍ਰਾਪਤ ਕੀਤੀ ਹੋਵੇ, ਕਿਉਂਕਿ ਆਪ ਗੁਰੂ ਸਿੱਖ ਦੇ ਨਿਤਨੇਮ ਵਿਚ ਗੁਰਬਾਣੀ ਦਾ ਗਾਇਨ ਕਰਨਾ ਜ਼ਰੂਰੀ ਸਮਝਦੇ ਸਨ।[6] ਕੁਝ ਵਿਦਵਾਨਾਂ ਅਨੁਸਾਰ ਆਪ ਨੇ ਕੁਝ ਬਾਣੀ ਗੁਰ ਪਦ ਪ੍ਰਾਪਤ ਕਰਨ ਤੋਂ ਪਹਿਲਾਂ ਵੀ ਉਚਾਰੀ ਹੈ। ਨਿਹਾਲ ਸਿੰਘ ਰਸ[7] ਅਨੁਸਾਰ ਗੂਜਰੀ ਰਾਗ ਦਾ ਇਕ ਸ਼ਬਦ[8] ਗੁਰੂ ਰਾਮ ਦਾਸ ਜੀ ਨੇ ਉਦੋਂ ਉਚਾਰਿਆ ਜਦੋਂ ਵਿਆਹ ਸਮੇਂ ਗੁਰੂ ਅਮਰ ਦਾਸ ਜੀ ਨੇ ਕੁਝ ਮੰਗਣ ਲਈ ਕਿਹਾ ਸੀ।

ਗੁਰ-ਗੱਦੀ ਤੇ ਬੈਠਣ ਉਪਰੰਤ ਆਪ ਨਿਤਨੇਮ ਅਨੁਸਾਰ ਬਾਣੀ ਦਾ ਕੀਰਤਨ

ਸੁਣਦੇ ਰਹਿੰਦੇ ਸਨ। ਗਿਆਨੀ ਗਿਆਨ ਸਿੰਘ ਅਨੁਸਾਰ ਪੋਹ ਫੁਟੀ ਤੋਂ ਸਭਾ ਵਿਚ ਗਾ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ.. ।[9]

ਇਸ ਤਰ੍ਹਾਂ ਗੁਰੂ ਰਾਮ ਦਾਸ ਜੀ ਦੇ ਜੀਵਨ ਵਿਚ ਵੀ ਪਹਿਲੇ ਗੁਰੂ ਸਾਹਿਬਾਨ ਵਾਂਗ ਕਵਿਤਾ ਤੇ ਸੰਗੀਤ ਦਾ ਵਿਸ਼ੇਸ਼ ਮਹੱਤਵ ਰਿਹਾ ਹੈ।

**ਗੁਰੂ ਅਰਜਨ ਦੇਵ ਜੀ :**—ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਸਨ ਜਿਹੜੇ ਕਿਸੇ ਗੁਰੂ ਕਵੀ ਦੀ ਸੰਤਾਨ ਸਨ ਅਤੇ ਜਿਹਨਾਂ ਦੀ ਸਿਖਲਾਈ ਗੁਰਮਤਿ ਰੀਤੀ ਅਨੁਸਾਰ ਹੋਈ ਸੀ। ਗੁਰ ਅਮਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਮਹਾਨ ਕਵੀ ਬਣਨ ਦੀਆਂ ਸੰਭਾਵਨਾਵਾਂ ਬਚਪਨ ਤੋਂ ਹੀ ਵੇਖ ਲਈਆਂ ਸਨ। ਇਸੇ ਲਈ ਉਹਨਾਂ ਨੇ ਇਹਨਾਂ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ'[10] ਆਖਿਆ ਸੀ।

ਗੁਰਮਤਿ ਸਾਹਿਤ ਵਿਚ ਅਜਿਹੇ ਹਵਾਲੇ ਮਿਲਦੇ ਹਨ ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਆਪ ਗੁਰੂ ਪਦ ਪ੍ਰਾਪਤ ਕਰਨ ਤੋਂ ਪਹਿਲਾਂ ਸੰਗੀਤ ਮਈ ਬਾਣੀ ਉਚਾਰਨ ਲੱਗ ਪਏ ਸਨ। ਇਕ ਵਾਰ ਗੁਰੂ ਰਾਮ ਦਾਸ ਜੀ ਨੇ ਆਪ ਨੂੰ ਲਾਹੌਰ ਭੇਜਿਆ ਤੇ ਬਿਨ੍ਹਾਂ ਬੁਲਾਇਆ ਵਾਪਸ ਨਾ ਆਉਣ ਦਾ ਹੁਕਮ ਕਰ ਦਿੱਤਾ। ਜਦ ਆਪ ਕਈ ਮਹੀਨੇ ਲਾਹੌਰ ਰਹੇ ਤੇ ਕੋਈ ਬੁਲਾਵਾ ਗੁਰੂ ਰਾਮਦਾਸ ਵੱਲੋਂ ਨਾ ਆਇਆ ਤਾਂ ਕਦੇ ਕੋਠੇ ਉਤੇ ਚੜ੍ਹ ਕੇ ਰਾਹ ਵੱਲ ਤਕਦੇ, ਕਦੇ ਸ਼ਹਿਰੋਂ ਬਾਹਰ ਰਾਹ ਉਤੇ ਜਾ ਖੜ੍ਹੇ ਹੁੰਦੇ ਤੇ ਗੁਰੂ ਸਾਹਿਬ ਦੇ ਦਰਸ਼ਨ ਦਾ ਅਜੇਹਾ ਪ੍ਰੇਮ ਲੱਗਾ ਜੋ ਖਾਣਾ ਪੀਣਾ, ਸੌਣਾ ਹੱਸਣਾ ਸਭ ਛੁੱਟ ਗਿਆ, ਅਰ ਵੈਰਾਗ ਵਿਚ ਆ ਕੇ ਏਹ ਸ਼ਬਦ ਉਚਾਰਿਆ'' ।[11]

**ਸੋਰਠ ਮਹਲਾ 5**

> ਦਹ ਦਿਸ ਛਤ੍ਰ ਮੇਘ ਘਟਾ ਘਟਾ ਦਾਮਨਿ ਚਮਕਿ ਡਰਾਇਓ।
> ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ।[12]

ਲਾਹੌਰ ਤੋਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ-ਰਾਮਦਾਸ ਜੀ ਲਈ ਚਿੱਠੀ ਰੂਪ ਵਿਚ ਮਾਝ ਰਾਗ ਦਾ ਹੇਠ ਲਿਖਿਆ ਸ਼ਬਦ ਵੀ ਰਚਿਆ [13]

> ਮੇਰਾ ਮਨੁ ਲੋਚੈ ਗੁਰਦਰਸਨ ਤਾਈ
> ਬਿਲਪ ਕਰੇ ਚਾਤ੍ਰਿਕ ਕੀ ਨਿਆਈ[14]

ਗੁਰ ਗੱਦੀ ਤੇ ਬੈਠਣ ਉਪਰੰਤ ਆਪ ਨੇ ਆਪਣੀ ਕਾਵਿਕ ਅਤੇ ਸੰਗੀਤਕ ਪ੍ਰਤਿਭਾ ਦਾ ਸਬੂਤ ਦਿੰਦਿਆ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ ਅਤੇ ਸੰਗੀਤ ਨੂੰ ਸਿੱਖਣ ਲਈ ਹਰ ਸਿੱਖ ਨੂੰ ਪ੍ਰੇਰਿਤ ਕੀਤਾ। ਸੱਤੇ ਤੇ ਬਲਵੰਡ ਵਾਲੀ ਸਾਖੀ ਤੋਂ ਪਤਾ ਲੱਗਦਾ ਹੈ ਕਿ ਆਪ ਗੁਰੂ ਘਰ ਦੇ ਕੀਰਤਨੀਆਂ ਦਾ ਕਾਫੀ ਸਤਿਕਾਰ ਕਰਦੇ ਸਨ।[15]

ਗੁਰਬਾਣੀ ਦਾ ਸੰਕਲਨ ਕਰਨ ਵੇਲੇ ਸਾਰੇ ਭਗਤਾਂ ਦੀ ਬਾਣੀ ਦਾ ਅਧਿਐਨ ਕਰਕੇ ਉਸ ਵਿਚੋਂ ਗੁਰਮਤਿ ਦੇ ਅਨੁਸਾਰ ਬਾਣੀ ਦੀ ਚੋਣ ਕਰਨਾ ਗੁਰੂ ਗ੍ਰੰਥ ਸਾਹਿਬ ਦੀ

ਮਹਾਨ ਸਾਹਿਤਕ ਪ੍ਰਤਿਭਾ ਦਾ ਲਖਾਇਕ ਹੈ। ਸੰਗੀਤ ਦੇ ਖੇਤਰ ਵਿਚ ਆਪ ਨੇ ਸਰੰਦਾ ਨਾਮਕ ਨਵੇਂ ਸਾਜ਼ ਦਾ ਆਵਿਸ਼ਕਾਰ ਕੀਤਾ।[16]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦਾ ਸੰਪੂਰਨ ਜੀਵਨ ਸਿੱਖ ਸੰਸਥਾ ਨੂੰ ਅਰਪਨ ਸੀ ਤੇ ਉਹਨਾਂ ਦੇ ਜੀਵਨ ਦੀਆਂ ਸਾਹਿਤਕ ਤੇ ਸੰਗੀਤਕ ਪ੍ਰਾਪਤੀਆਂ ਉਹਨਾਂ ਦੇ ਨਿੱਜੀ ਜੀਵਨ ਵਿਚ ਵੀ ਕਾਵਿ ਅਤੇ ਸੰਗੀਤ ਦੇ ਵਿਸ਼ੇਸ਼ ਸਥਾਨ ਦੀ ਦੱਸ ਪਾਉਂਦੀਆਂ ਹਨ।

**ਗੁਰੂ ਤੇਗ ਬਹਾਦਰ ਜੀ :**—ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਤੋਂ ਉਪਰੰਤ ਗੁਰੂ ਸਾਹਿਬਾਨ ਵਿਚੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਆਪ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਸਪੁੱਤਰ ਸਨ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 50 ਸ਼ਬਦ ਅਤੇ 57 ਸਲੋਕ ਦਰਜ ਹਨ। ਆਪ ਦੇ ਸ਼ਬਦ ਗਉੜੀ, ਆਸਾ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ ਹਿੰਡੋਲ, ਬਸੰਤ ਸਾਰੰਗ ਅਤੇ ਜੈਜਾਵੰਤੀ ਰਾਗਾਂ ਵਿਚ ਦਰਜ ਹਨ। ਆਪ ਵੱਲੋਂ ਰਾਗਾਂ ਅਧੀਨ ਬਾਣੀ ਰਚੇ ਜਾਣ ਕਾਰਨ ਇਸ ਵਿਚ ਤਾਂ ਕੋਈ ਸ਼ੰਕਾ ਨਹੀਂ ਕਿ ਆਪ ਨੂੰ ਕਵਿਤਾ ਅਤੇ ਰਾਗ ਦੀ ਪੂਰੀ ਸੂਝ ਸੀ ਅਤੇ ਕਵਿਤਾ ਤੇ ਸੰਗੀਤ ਦਾ ਸੁਮੇਲ ਵੀ ਆਪ ਨੇ ਬੜੇ ਸਫਲ ਢੰਗ ਨਾਲ ਕੀਤਾ ਹੈ। ਪਰ ਆਪ ਨੇ ਸੰਗੀਤ ਤੇ ਕਾਵਿ ਦੀ ਸਿਖਿਆ ਕਿਸੇ ਉਸਤਾਦ ਪਾਸੋਂ ਹਾਸਲ ਕੀਤੀ ਸੀ ਇਸ ਦਾ ਕੋਈ ਭਰੋਸੇ-ਯੋਗ ਪ੍ਰਮਾਣ ਲਿਖਤੀ ਰੂਪ ਵਿਚ ਅਜੇ ਹੱਥ ਨਹੀਂ ਆਇਆ। ਡਾਕਟਰ ਦਵਿੰਦਰ ਸਿੰਘ ਵਿਦਿਆਰਥੀ[17] ਅਨੁਸਾਰ, ਉਸ ਸਮੇਂ ਦੇ ਰਾਜ ਘਰਾਣਿਆਂ ਦੀ ਪਰੰਪਰਾ ਅਨੁਸਾਰ ਸੰਗੀਤ ਤੇ ਕਾਵਿ-ਗਿਆਨ, ਚਿਤਰਕਾਰੀ ਤੇ ਸ਼ਸਤਰ ਵਿਦਿਆ ਮੁਢਲੀ ਸਿੱਖਿਆ ਦਾ ਅੰਗ ਮੰਨੇ ਜਾਂਦੇ ਸਨ ਅਤੇ ਗੁਰੂ ਤੇਗ ਬਹਾਦਰ ਜੀ ਦਾ ਪਾਲਣ-ਪੋਸ਼ਣ 'ਮੀਰੀ ਪੀਰੀ ਦੇ ਸ਼ਹਿਜ਼ਾਦੇ' ਦੇ ਰੂਪ ਵਿਚ ਹੋਇਆ ਸੀ। ਕਾਵਿ-ਕਲਾ'[18] ਚਿਤਰਕਲਾ[19] ਤੇ ਸ਼ਾਸ਼ਤਰ ਕਲਾ ਦੀ ਸੁਚੱਜੀ ਜਾਣਕਾਰੀ ਦੇ ਪ੍ਰਮਾਣ ਭੀ ਮੌਜੂਦ ਹਨ, ਇਸ ਲਈ ਇਹ ਮੰਨਣ ਵਿਚ ਕਠਨਾਈ ਨਹੀਂ ਹੋਣੀ ਚਾਹੀਦੀ ਕਿ ਸੰਗੀਤ ਸ਼ਾਸਤਰ ਦੀ ਸਿਖਿਆ ਭੀ ਆਪ ਨੂੰ ਬਾਲ ਅਵਸਥਾ ਤੋਂ ਹੀ ਮਿਲੀ ਹੋਵੇਗੀ। ਡਾਕਟਰ ਗੁਰਚਰਨ ਸਿੰਘ ਮਹਿਤਾ[20] ਨੇ ਬਾਬਕ ਰਬਾਬੀ, ਨੱਥੇ ਤੇ ਅਬਦੁਲੀ ਢਾਢੀ ਨੂੰ ਆਪ ਦੇ ਸੰਗੀਤ ਸਿਖਾਉਣ ਵਾਲੇ ਮੰਨਿਆ ਹੈ। ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਾਕਸ਼[21] ਵਿਚ ਇਕ ਸਾਖੀ ਦਿੱਤੀ ਹੋਈ ਹੈ ਜਿਸ ਵਿਚ ਦੱਸਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਪੂਰਬ ਦੀ ਯਾਤਰਾ ਸਮੇਂ ਇਕ ਸਿੱਖ ਦੇ ਕੀਰਤਨ ਤੋਂ ਪ੍ਰਸੰਨ ਹੋ ਕੇ ਨਿੱਜੀ ਮ੍ਰਿਦੰਗ ਇਨਾਮ ਵਜੋਂ ਦੇ ਦਿੱਤਾ ਸੀ।

ਇਸ ਸਾਖੀ ਤੋਂ ਇਹ ਅੰਦਾਜ਼ਾ ਲਗਾਉਣਾ ਗਲਤ ਨਹੀਂ ਕਿ ਗੁਰੂ ਜੀ ਮ੍ਰਿਦੰਗ ਵਜਾਉਣਾ ਜਾਣਦੇ ਸਨ ਤੇ ਆਪ ਦਾ ਮ੍ਰਿਦੰਗ ਵਜਾਉਣ ਦਾ ਸ਼ੌਕ ਇਤਨਾ ਪ੍ਰਬਲ ਸੀ ਕਿ ਮ੍ਰਿਦੰਗ ਜਿਹਾ ਵੱਡਾ ਸਾਜ਼ ਯਾਤਰਾ ਸਮੇਂ ਭੀ ਨਾਲ ਰਹਿੰਦਾ ਸੀ। ਗੁਰੂ ਜੀ ਦਾ

ਮ੍ਰਿਦੰਗ-ਵਾਦਕ ਹੋਣਾ ਇਹ ਸਿੱਧ ਕਰਦਾ ਹੈ ਕਿ ਆਪ ਨੂੰ ਲੈਅ ਅਤੇ ਤਾਲ ਦਾ ਪੂਰਾ ਗਿਆਨ ਸੀ।

ਉਪਰੋਕਤ ਅਧਿਐਨ ਤੋਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚ ਕਾਵਿ ਬਾਣੀ ਅਤੇ ਸੰਗੀਤ ਦਾ ਵਿਸ਼ੇਸ਼ ਮਹੱਤਵ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

---

## ਫੁੱਟ ਨੋਟ ਤੇ ਹਵਾਲੇ :

1. ਤਾਰਨ ਸਿੰਘ, ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ ਪੰਨਾ 323
2. ਤਵਾਰੀਖ ਗੁਰੂ ਖਾਲਸਾ, ਪੰਨਾ 314
3. ਉਹੀ, ਪੰਨਾ 318
4. ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ, ਆਦਿ ਗ੍ਰੰਥ, ਪੰ. 91
5. ਤਰਲੋਚਨ ਸਿੰਘ (ਡਾ.) 'ਗੁਰੂ ਰਾਮ ਦਾਸ ਜੀ ਦਾ ਸਾਹਿਤਕ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ' ਸ. ਜੀਤ ਸਿੰਘ ਸੀਤਲ, ਪੰਨਾ 70
6. ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ...।, ਆਦਿ ਗ੍ਰੰਥ, ਪੰਨਾ 305
7. ਸ੍ਰੀ ਗੁਰੂ ਰਾਮ ਦਾਸ ਜੀ, ਗਿਆਨੀ ਨਿਹਾਲ ਸਿੰਘ 'ਰਸ' ਪੰਨਾ 18
8. ਹਰਿ ਕੇ ਜਨ ਸਤਿਗੁਰੂ ਸਤ ਪੁਰਖਾ ਬਿਨਉ ਕਰਉ ਗੁਰ ਪਾਸਿ।, ਆਦਿ ਗ੍ਰੰਥ, ਪੰ. 492
9. ਤਵਾਰੀਖ ਗੁਰੂ ਖਾਲਸਾ, ਪੰਨਾ 340
10. Macauliffe, The Sikh Religion, Voll. III Page 1
11. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 354
12. ਆਦਿ ਗ੍ਰੰਥ, ਪੰਨਾ 624
13. ਪੂਰਨ ਸਿੰਘ, ਦਸ ਗੁਰਦਰਸ਼ਨ (ਅਨ.) 1972 ਪੰਨਾ 61
14. ਆਦਿ ਗ੍ਰੰਥ ਪੰਨਾ 96
15. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 402
16. ਕਾਹਨ ਸਿੰਘ, ਮਹਾਨ ਕੋਸ਼, ਪੰਨਾ 171
17. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਸੰਗੀਤ, ਨਉਨਿਧ, ਪੰਨਾ 43
18. —ਓਹੀ—
19. ਪ੍ਰਸਿੱਧ ਹੈ ਕਿ ਆਪ ਨੇ ਢਾਕੇ ਵਿਚ ਬੁਲਾਕੀ ਦਾਸ ਮਸੰਦ ਦੀ ਮਾਈ ਦੀ ਮੰਗ ਉਤੇ ਆਪਣਾ ਚਿੱਤਰ ਆਪ ਪੂਰਾ ਕਰਕੇ ਦਿੱਤਾ ਸੀ।

    ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਸਾਖੀ 14ਵੀ. ਹਵਾਲਾ ਨਉਨਿਧ, ਪੰ. 43
20. ਗੁਰਮਤਿ ਪ੍ਰਕਾਸ਼ (ਮਾਸਕ) ਅੰਮ੍ਰਿਤਸਰ, ਦਸੰਬਰ 1975 ਪੰਨਾ 145
21. ਪੰਥ ਪ੍ਰਕਾਸ਼, ਪੂਰਬਾਰਧ, ਗਿ: ਕ੍ਰਿਪਾਲ ਸਿੰਘ (ਸੰਪਾਦਕ), 1972, ਪੰ. 1025

(ਚਲਦਾ)

# ਗੁਰੂ ਨਾਨਕ ਅਨਮਲ-ਬਚਨ

— ਪ੍ਰਿੰ: ਹਰਿਭਜਨ ਸਿੰਘ

ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੇ ਨ ਕੋਇ ॥

हुकमै अंदरि सभु को बाहरि हुकम न कोइ ।
नानक हुकमै जे बुझै त हउमै कहै न कोइ ॥

All are subject to His fiat and none is exempt from it, Nanak ! If man were to understand Lord's Will, then no one would take to ego.

ਹਰਿ ਬਿਨ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰ ਪੂਛ ਦੇਖਿਆ ॥
ਅਵਰੁ ਨਾਹੀ ਥਾਉ ॥

हरि बिनु जीउ जलि बलि जाउं ।
मैं आपणा गुरु पूछि देखिआ अवरु नाही थाउ ॥

Without God my soul is scorched and burnt. The Guru has fully convinced me that there is no other refuge except God.

# ਸਕੂਲਾਂ ਅਤੇ ਕਾਲਜਾਂ ਵਿਚ ਗੁਰਬਾਣੀ ਸੰਗੀਤ

(ਪੰਜਾਬ ਸਕੂਲ ਸਿਖਿਆ ਬੋਰਡ ਨੇ ਸੀਨੀਅਰ ਸੈਕੰਡਰੀ ਸ੍ਰੇਣੀਆਂ ਵਿਚ ਗੁਰਬਾਣੀ ਸੰਗੀਤ ਦਾ ਵਿਸ਼ਾ ਆਰੰਭ ਕਰਕੇ ਸ਼ਲਾਘਾ ਯੋਗ ਕੰਮ ਕੀਤਾ ਹੈ। ਹੁਣ ਗੁਰਬਾਣੀ ਸੰਗੀਤ ਵਿਚ ਰੁਚੀ ਰੱਖਣ ਵਾਲੇ, ਇਹ ਵਿਦਿਅਕ ਯੋਗਤਾ ਹੋਰ ਸੁਚੱਜੀ ਤਰ੍ਹਾਂ ਪ੍ਰਾਪਤ ਕਰ ਸਕਣਗੇ। ਗੁਰਬਾਣੀ ਸੰਗੀਤ ਪ੍ਰੇਮੀਆਂ ਦੀ ਸਹੂਲਤ ਲਈ ਅਸੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗੁਰਬਾਣੀ ਸੰਗੀਤ ਲਈ ਤਿਆਰ ਕਰਕੇ ਛਾਪੇ ਗਏ ਪਾਠ-ਕ੍ਰਮ ਨੂੰ ਛਾਪਣ ਦੀ ਖੁਸ਼ੀ ਲੈ ਰਹੇ ਹਾਂ।)

## ਸੀਨੀਅਰ ਸੈਕੰਡਰੀ ਸ੍ਰੇਣੀਆਂ ਵਿਚ ਗੁਰਬਾਣੀ ਸੰਗੀਤ ਦਾ ਦਾ ਵਿਸ਼ਾ ਆਰੰਭ

ਗੁਰਬਾਣੀ ਸੰਗੀਤ ਪੰਜਾਬ ਦਾ ਹੀ ਨਹੀਂ ਸਗੋਂ ਸਾਰੇ ਭਾਰਤ ਦਾ ਮਹਾਨ ਸਾਂਸਕ੍ਰਿਤਕ ਵਿਰਸਾ ਹੈ। ਗੁਰਬਾਣੀ ਸੰਗੀਤ ਵਿਚ ਦੇਸ਼ ਦੇ ਵੱਖ ਵੱਖ ਖੇਤਰਾਂ ਦੇ ਮਹਾਂਪੁਰਖਾਂ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ, ਅਨੇਕਾਂ ਰਾਗਾਂ ਵਿਚ ਗਾਇਨ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਸ ਦਾ ਰਾਸ਼ਟਰੀ ਅਤੇ ਭਾਵਨਾਤਮਕ ਸੂਝ ਪ੍ਰਦਾਨ ਕਰਨ ਲਈ ਬੜਾ ਮਹੱਤਵ ਹੈ। ਪੰਜਾਬ ਦੇ ਸਾਂਸਕ੍ਰਿਤਕ ਜੀਵਨ ਦੀ ਤਾਂ ਇਹ ਜਿੰਦ-ਜਾਨ ਹੈ। ਗੁਰਬਾਣੀ ਸੰਗੀਤ ਦੀ ਇਕ ਸੁਤੰਤਰ ਹੋਂਦ ਹੈ ਅਤੇ ਪੰਜਾਬ ਦੇ ਜੀਵਨ ਉਤੇ ਇਸ ਦਾ ਗਹਿਰਾ ਪ੍ਰਭਾਵ ਹੈ। ਇਸ ਦੀ ਸਮੁੱਚੀ ਮਹੱਤਤਾ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੀਨੀਅਰ ਸੈਕੰਡਰੀ ਸ੍ਰੇਣੀਆਂ ਲਈ ਗੁਰਬਾਣੀ ਸੰਗੀਤ ਦੇ ਵਿਸ਼ੇ ਨੂੰ ਚੋਣਵੇਂ ਵਿਸ਼ੇ ਵਜੋਂ ਲਾਗੂ ਕੀਤਾ ਜਾ ਰਿਹਾ ਹੈ। ਹੁਣ ਵਿਦਿਆਰਥੀ ਗਾਇਨ, ਵਾਦਨ, ਤਬਲਾ ਅਤੇ ਨ੍ਰਿਤ ਵਾਂਗ ਗੁਰਬਾਣੀ ਸੰਗੀਤ ਦੇ ਵਿਸ਼ੇ ਨੂੰ ਵੀ ਪੜ੍ਹ ਸਕਣਗੇ। ਇਹ ਵਿਸ਼ਾ ਸੰਗੀਤ ਦੇ ਹੋਰ ਵਿਸ਼ਿਆਂ ਵਾਂਗ 100 ਅੰਕਾਂ ਦਾ ਹੋਵੇਗਾ। ਇਸ ਵਿਚ 50 ਅੰਕ ਦਾ ਲਿਖਤੀ ਪਰਚਾ ਅਤੇ 50 ਅੰਕਾਂ ਦਾ ਪ੍ਰਯੋਗੀ ਪਰਚਾ ਹੋਵੇਗਾ।

### ਸੰਗੀਤ (+1)
### ਲਿਖਤੀ
### (ਪ੍ਰਸ਼ਨ-ਪੱਤਰ ਦੀ ਰੂਪ ਰੇਖਾ)

ਸਮਾਂ 3 ਘੰਟੇ — ਅੰਕ—50

ਇਸ ਪ੍ਰਸ਼ਨ ਪੱਤਰ ਵਿਚ ਹੇਠ ਲਿਖੇ ਅਨੁਸਾਰ ਦੋ ਭਾਗ ਹੋਣਗੇ।

### ਭਾਗ ੳ

ਇਸ ਭਾਗ ਵਿੱਚ ਕੁੱਲ 6 ਪ੍ਰਸ਼ਨ ਹੋਣਗੇ। ਇਹਨਾਂ ਵਿਚ ਦੋ ਪ੍ਰਸ਼ਨ ਸੰਖੇਪ ਨੋਟ ਲਿਖਣ ਬਾਰੇ ਹੋਣਗੇ ਜਿਹਨਾਂ ਦੇ ਅੱਗੋਂ 5-5 ਉਪ-ਭਾਗ ਹੋਣਗੇ। ਵਿਦਿਆਰਥੀ ਇਹਨਾਂ ਵਿਚੋਂ 2-2 ਉਪ-ਭਾਗਾਂ ਦੇ ਉਤਰ ਦੇਵੇਗਾ। 'ੳ' ਭਾਗ ਵਿੱਚੋਂ ਕੁੱਲ ਤਿੰਨ ਪ੍ਰਸ਼ਨਾਂ ਦੇ ਉਤਰ ਦੇਵੇਗਾ।

## ਭਾਗ ਅ

ਇਸ ਭਾਗ ਵਿੱਚ ਕੁੱਲ 4 ਪ੍ਰਸ਼ਨ ਹੋਣਗੇ ! ਯੂਨਿਟ (i) ਵਿਚੋਂ ਇਕ ਪ੍ਰਸ਼ਨ ਅਤੇ ਯੂਨਿਟ (ii) ਵਿਚੋਂ ਦੂਜਾ ਪ੍ਰਸ਼ਨ ਹੋਵੇਗਾ । ਇਹਨਾਂ ਦੋਹਾਂ ਵਿਚੋਂ ਇਕ ਪ੍ਰਸ਼ਨ ਦਾ ਉੱਤਰ ਦੇਣਾ ਹੋਵੇਗਾ । ਪ੍ਰਸ਼ਨ 3 ਯੂਨਿਟ (iii) ਵਿਚੋਂ ਅਤੇ ਪ੍ਰਸ਼ਨ 4 ਯੂਨਿਟ (iv) ਵਿਚੋਂ ਹੋਵੇਗਾ । ਇਹਨਾਂ ਦੋਹਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦੇਣਾ ਹੋਵੇਗਾ । ਇਸ ਤਰ੍ਹਾਂ ਭਾਗ ਅ ਵਿੱਚੋਂ ਕੁੱਲ ਦੋ ਪ੍ਰਸ਼ਨਾਂ ਦੇ ਉੱਤਰ ਦੇਣੇ ਹੋਣਗੇ ।

## ਲਿਖਤੀ ਪਾਠ-ਕ੍ਰਮ

## ਭਾਗ ੳ

1. ਗੁਰਬਾਣੀ ਸੰਗੀਤ ਦੀ ਸੰਖੇਪ ਜਾਣਕਾਰੀ
2. ਸ਼ਬਦ ਗਾਇਨ ਦੇ ਮੁੱਖ ਨਿਯਮ
3. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਮੁੱਖ ਰਾਗਾਂ ਦੇ ਨਾਮ
4. ਗੁਰਬਾਣੀ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸਾਜ਼
5. ਹੇਠ ਲਿਖਿਆਂ ਦੀ ਪਰਿਭਾਸ਼ਾ

ਸੰਗੀਤ, ਨਾਦ, ਸ਼ਰੁਤੀ, ਸੁਰ, ਸਪਤਕ, ਥਾਟ, ਰਾਗ, ਆਰੋਹ, ਅਵਰੋਹ, ਤਾਨ, ਪਲਟਾ (ਅਲੰਕਾਰ) ਵਾਦੀ, ਸੰਵਾਦੀ, ਅਨੁਵਾਦੀ, ਵਿਵਾਦੀ, ਲੈਅ (ਮੱਧ, ਦਰੁੱਤ, ਵਿਲੰਬਤ), ਤਾਲ, ਅਵਰਤਨ, ਸਮ, ਜਾਂ ਗੁਰ, ਤਾਲੀ, ਖਾਲੀ, ਮਾਤਰਾ, ਸਥਾਈ, ਅੰਤਰਾ

ਨੋਟ :—

3. ਹੇਠ ਲਿਖਿਆਂ ਦੀਆਂ ਜੀਵਨੀਆਂ ਅਤੇ ਉਹਨਾਂ ਦਾ ਗੁਰਬਾਣੀ ਸੰਗੀਤ ਨੂੰ ਯੋਗਦਾਨ
   1. ਭਾਈ ਮਰਦਾਨਾ
   2. ਗਿਆਨ ਸਿੰਘ ਐਬਟਾਬਾਦ
   ੩. ਦੀਵਾਨ ਚੇਲਾ ਰਾਮ

## ਆਗ ਅ

1. 1) ਪਾਠ-ਕ੍ਰਮ ਦੇ ਨਿਰਧਾਰਤ ਰਾਗਾਂ (ਬਲਾਵਲ, ਕਲਿਆਣ, ਆਸਾ ਦਾ ਵਿਵਰਣ)
   2) ਪਾਠ-ਕ੍ਰਮ ਦੇ ਨਿਰਧਾਰਤ ਤਾਲਾਂ ਦੀ ਇਕ-ਗੁਣ ਅਤੇ ਦੁਗਣ
   3) ਸੁਰ ਸੰਗਤੀਆਂ ਤੋਂ ਪਾਠ-ਕ੍ਰਮ ਦੇ ਨਿਰਧਾਰਤ ਰਾਗਾਂ ਦੀ ਪਛਾਣ
   4) ਭਾਤਖੰਡੇ ਸੁਰ-ਲਿਪੀ ਦੇ ਚਿੰਨ੍ਹਾਂ ਦੀ ਪਛਾਣ

## ਪ੍ਰਯੋਗੀ (+1)

ਸਮਾਂ 20 ਮਿੰਟ — ਅੰਕ—50

## ਪ੍ਰਸ਼ਨ-ਪੱਤਰ ਦੀ ਰੂਪ ਰੇਖਾ

ਗੁਰਬਾਣੀ ਸੰਗੀਤ ਦੀ ਪ੍ਰਯੋਗੀ ਪ੍ਰੀਖਿਆ ਵਿਚ ਇਕ ਗਰੁੱਪ ਵਿਚ ਵੱਧ ਤੋਂ ਵੱਧ 9 ਪ੍ਰੀਖਿਆਰਥੀ ਹੋਣਗੇ । ਇਸ ਵਿਚ ਹਰਮੋਨੀਅਨ ਵਜਾਉਣ ਦੀ ਆਗਿਆ ਹੋਵੇਗੀ ।

ਪ੍ਰਸ਼ਨ-ਪੱਤਰ ਪ੍ਰੀਖਿਅਕ ਵੱਲੋਂ ਮੌਕੇ ਤੇ ਹੀ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰਸ਼ਨ-ਪੱਤਰ ਤਿਆਰ ਕਰਦਿਆਂ ਹੇਠ ਲਿਖੀਆਂ ਹਦਾਇਤਾਂ ਦੇ ਨਾਲ ਨਾਲ ਪ੍ਰਯੋਗੀ ਅਤੇ ਲਿਖਤੀ ਪਾਠ-ਕ੍ਰਮ ਦਾ ਧਿਆਨ ਰੱਖਿਆ ਜਾਵੇਗਾ।

1. ਪਾਠ-ਕ੍ਰਮ ਵਿਚ ਦਿੱਤੇ ਰਾਗਾਂ ਵਿਚੋਂ ਵਿਦਿਆਰਥੀ ਦੀ ਚੋਣ ਵਾਲੇ ਕਿਸੇ ਇਕ ਰਾਗ ਵਿਚ ਸ਼ਬਦ-ਗਾਇਨ ਕਰਨਾ। ਇਸ ਲਈ ਸਮਾਂ 5 ਮਿੰਟ ਅਤੇ ਅੰਕ $12\frac{1}{2}$ ਹੋਣਗੇ।
2. ਪਾਠ-ਕ੍ਰਮ ਵਿਚ ਦਿੱਤੇ ਰਾਗਾਂ ਵਿਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇਕ ਰਾਗ ਵਿਚ ਸ਼ਬਦ ਗਾਇਨ ਕਰਨਾ। ਇਸ ਲਈ ਸਮਾਂ 5 ਮਿੰਟ ਅਤੇ ਅੰਕ $12\frac{1}{2}$ ਹੋਣਗੇ।
3. ਪਾਠ-ਕ੍ਰਮ ਦੇ ਤਾਲਾਂ ਦੀ ਇਕ ਗੁਣ ਅਤੇ ਦੁਗੁਣ ਲੈਅਕਾਰੀਆਂ ਵਿਚ ਹੱਥ ਨਾਲ ਤਾਲੀ ਦੇ ਕੇ ਪੇਸ਼ਕਾਰੀ। ਇਸ ਲਈ ਸਮਾਂ 3 ਮਿੰਟ ਅੰਕ $7\frac{1}{2}$ ਹੋਣਗੇ।
4. ਪਾਠ-ਕ੍ਰਮ ਦੇ ਰਾਗਾਂ ਅਤੇ ਤਾਲਾਂ ਵਿਚੋਂ ਕਿਸੇ ਇਕ ਰਾਗ ਅਤੇ ਇਕ ਤਾਲ ਦੀ ਪਛਾਣ ਕਰਨੀ। ਇਸ ਲਈ ਸਮਾਂ 2 ਮਿੰਟ ਅਤੇ ਅੰਕ 5 ਹੋਣਗੇ।
5. ਅਲੰਕਾਰ/ਛੰਦ ਅਤੇ ਸਵਈਏ/ਅਪ੍ਰਚਲਿਤ ਰਾਗਾਂ ਦੀ ਪੇਸ਼ਕਾਰੀ ਲਈ ਸਮਾਂ 5 ਮਿੰਟ ਅਤੇ ਅੰਕ $12\frac{1}{2}$ ਹੋਣਗੇ।

## ਪਾਠ-ਕ੍ਰਮ

1. ਪਾਠ-ਕ੍ਰਮ ਅਨੁਸਾਰ ਨਿਰਧਾਰਤ ਰਾਗਾਂ ਤੇ ਤਾਲਾਂ ਵਿਚ ਵਿਧੀ ਅਨੁਸਾਰ ਗੁਰਬਾਣੀ ਸ਼ਬਦ ਗਾਇਨ

1. ਬਿਲਾਵਲ, ਕਲਿਆਣ, ਆਸਾ
2. ਪਾਠ-ਕ੍ਰਮ ਦੇ ਹੇਠ ਲਿਖੇ ਨਿਰਧਾਰਤ ਤਾਲਾਂ ਦਾ ਗਿਆਨ :
   ਤਿੰਨ ਤਾਲ, ਦਾਦਰਾ, ਕਹਿਰਵਾ
3. ਰਾਗ ਬਿਲਾਵਲ ਅਤੇ ਕਲਿਆਣ ਵਿਚ ਪੰਜ ਪੰਜ ਅਲੰਕਾਰ (ਸਰਗਮ ਅਤੇ ਅਕਾਰ ਵਿਚ)
4. ਛੰਦ ਅਤੇ ਸਵਈਏ ਦਾ ਗਾਇਨ
5. ਹੇਠ ਲਿਖੇ ਰਾਗਾਂ ਦੀ ਸੰਖੇਪ ਜਾਣਕਾਰੀ :
   ਭੈਰਵ ਅਤੇਭੁਪਾਲੀ

## ਗੁਰਬਾਣੀ ਸੰਗੀਤ (+2) ਲਿਖਤੀ

ਸਮਾਂ 3 ਘੰਟੇ                                                                 ਅੰਕ—50

## ਪ੍ਰਸ਼ਨ ਪੱਤਰ ਦੀ ਰੂਪ ਰੇਖਾ

ਇਸ ਪ੍ਰਸ਼ਨ-ਪੱਤਰ ਵਿਚ ਹੇਠ ਲਿਖੇ ਅਨੁਸਾਰ ਦੋ ਭਾਗ ਹੋਣਗੇ।

### ਭਾਗ ੳ

ਇਸ ਭਾਗ ਵਿਚ ਕੁਲ 6 ਪ੍ਰਸ਼ਨ ਹੋਣਗੇ। ਇਹਨਾਂ ਵਿਚੋਂ ਦੋ ਪ੍ਰਸ਼ਨ ਸੰਖੇਪ ਨੋਟ ਲਿਖਣ ਬਾਰੇ ਹੋਣਗੇ ਜਿਹਨਾਂ ਦੇ ਅੱਗੋਂ 5-5 ਉਪ-ਭਾਗ ਹੋਣਗੇ। ਵਿਦਿਆਰਥੀ ਇਹਨਾਂ

ਵਿਚੋਂ 2-2 ਉਪ ਭਾਗਾਂ ਦੇ ਉੱਤਰ ਦੇਵੇਗਾ। ੳ' ਭਾਗ ਵਿਚੋਂ ਕੁਲ ਤਿੰਨ ਪ੍ਰਸ਼ਨਾਂ ਦੇ ਉਤਰ ਦੇਵੇਗਾ।

## ਭਾਗ ਅ

ਇਸ ਭਾਗ ਵਿਚ ਕੁਲ 4 ਪ੍ਰਸ਼ਨ ਹੋਣਗੇ। ਯੂਨਿਟ (i) ਵਿਚੋਂ ਇਕ ਪ੍ਰਸ਼ਨ ਅਤੇ ਯੂਨਿਟ (ii) ਵਿਚੋਂ ਦੂਜਾ ਪ੍ਰਸ਼ਨ ਹੋਵੇਗਾ। ਇਹਨਾਂ ਦੋਹਾਂ ਵਿਚੋਂ ਇਕ ਪ੍ਰਸ਼ਨ ਦਾ ਉਤਰ ਦੇਣਾ ਹੋਵੇਗਾ। ਪ੍ਰਸ਼ਨ 3 ਯੂਨਿਟ (iii) ਵਿਚੋਂ ਅਤੇ ਪ੍ਰਸ਼ਨ 4 ਯੂਨਿਟ (iv) ਵਿਚੋਂ ਹੋਵੇਗਾ। ਇਹਨਾਂ ਦੋਹਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦੇਣਾ ਹੋਵੇਗਾ। ਇਸ ਤਰ੍ਹਾਂ ਭਾਗ ਅ ਵਿਚੋਂ ਕੁੱਲ ਦੋ ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ।

# ਲਿਖਤੀ ਪਾਠ-ਕ੍ਰਮ

## ਭਾਗ ੳ

1. i) ਗੁਰਬਾਣੀ ਦਾ ਸੰਖੇਪ ਇਤਿਹਾਸ
   ii) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਸੰਗੀਤ ਨੂੰ ਦੇਣ
   iii) ਗੁਰੂ ਕਾਲ ਦੇ ਪ੍ਰਸਿੱਧ ਕੀਰਤਨੀਏ
   iv) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੇਠ ਲਿਖੇ ਭਗਤਾਂ ਦੀ ਬਾਣੀ ਦੇ ਰਾਗ
   ਭਗਤ ਨਾਮ ਦੇਵ ਜੀ, ਭਗਤ ਕਬੀਰ ਜੀ, ਭਗਤ ਰਵੀਦਾਸ ਜੀ

1. ਗੁਰਬਾਣੀ ਸੰਗੀਤ ਵਿਚ ਪ੍ਰਯੁਕਤ ਸੰਗੀਤ-ਸ਼ਬਦਾਵਲੀ ਦੀਆਂ ਹੇਠ ਲਿਖੇ ਅਨੁਸਾਰ ਪ੍ਰੀਭਾਸ਼ਾਵਾਂ :
   ਰਾਗ, ਮਹਲਾ, ਸ਼ਬਦ-ਅੰਕ, ਰਹਾਉ, (ਧੁਨੀ), ਪੜਤਾਲ, ਘਰੁ
   i) ਆਸਾ ਦੀ ਵਾਰ ਜਾਂ ਸੋਦਰ ਦੀ ਚੌਂਕੀ ਬਾਰੇ ਜਾਣਕਾਰੀ
   ii) ਹੇਠ ਲਿਖਿਆਂ ਦੀਆਂ ਜੀਵਨੀਆਂ ਅਤੇ ਉਹਨਾਂ ਦਾ ਗੁਰਬਾਣੀ ਸੰਗੀਤ ਨੂੰ ਯੋਗਦਾਨ।
      ੳ) ਭਾਈ ਚਾਂਦ
      ਅ) ਪ੍ਰੋ: ਤਾਰਾ ਸਿੰਘ
      ੲ) ਭਾਈ ਸਮੁੰਦ ਸਿੰਘ
      ਸ) ਪੰਡਤ ਨੱਥੂ ਰਾਮ ਜਾਂ ਭਾਈ ਹੀਰਾ ਸਿੰਘ

## ਭਾਗ ਅ

i) ਪਾਠ-ਕ੍ਰਮ ਦੇ ਨਿਰਧਾਰਤ ਰਾਗਾਂ ਦਾ ਵਿਵਰਣ
ii) ਪਾਠ-ਕ੍ਰਮ ਦੇ ਤਾਲਾਂ ਦਾ ਵਿਵਰਣ, ਇਕ ਗੁਣ, ਦੋਗੁਣ ਅਤੇ ਚਾਰ ਗੁਣ ਸਮੇਤ
iii) ਸੁਰ-ਸੰਗਤੀਆਂ ਤੋਂ ਪਾਠ-ਕ੍ਰਮ ਦੇ ਨਿਰਧਾਰਤ ਰਾਗਾਂ (ਭੈਰਵ, ਸਾਰੰਗ, ਆਸਾਵਾਰੀ, ਧਨਾਸਰੀ) ਦੀ ਪਛਾਣ
iv) ਸ਼ਬਦ ਗਾਇਨ ਦੀ ਸੁਰਲਿਪੀ ਕੇਵਲ ਸਥਾਈ-ਅੰਤਰਾ

# ਪ੍ਰਯੋਗੀ (+2)

ਸਮਾ 20 ਮਿੰਟ

ਅੰਕ—50

## ਪ੍ਰਸਨ ਪੱਤਰ ਦੀ ਰੂਪ ਰੇਖਾ

ਗੁਰਬਾਣੀ ਸੰਗੀਤ ਦੀ ਪ੍ਰਯੋਗੀ ਪ੍ਰੀਖਿਆ ਵਿਚ ਇਕ ਗਰੁੱਪ ਵਿਚ ਵੱਧ ਤੋਂ ਵੱਧ 9 ਪ੍ਰੀਖਿਆਰਥੀ ਹੋਣਗੇ। ਇਸ ਵਿਚ ਹਰਮੋਨੀਅਮ ਵਜਾਉਣ ਦੀ ਆਗਿਆ ਹੋਵੇਗੀ।

ਪ੍ਰਸ਼ਨ-ਪੱਤਰ ਪ੍ਰੀਖਿਅਕ ਵੱਲੋਂ ਮੌਕੇ ਤੇ ਹੀ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰਸ਼ਨ-ਪੱਤਰ ਤਿਆਰ ਕਰਦਿਆਂ ਹੇਠ ਲਿਖੀਆਂ ਹਦਾਇਤਾਂ ਦੇ ਨਾਲ ਨਾਲ ਪ੍ਰਯੋਗੀ ਅਤੇ ਲਿਖਤੀ ਪਾਠ-ਕ੍ਰਮ ਦਾ ਧਿਆਨ ਰੱਖਿਆ ਜਾਵੇਗਾ।

1. ਪਾਠ-ਕ੍ਰਮ ਵਿਚ ਦਿੱਤੇ ਰਾਗਾਂ ਵਿਚੋਂ ਵਿਦਿਆਰਥੀ ਦੀ ਚੋਣ ਵਾਲੇ ਕਿਸੇ ਇਕ ਰਾਗ ਵਿਚ ਸ਼ਬਦ-ਗਾਇਨ ਕਰਨਾ। ਇਸ ਲਈ ਸਮਾਂ 5 ਮਿੰਟ ਅਤੇ ਅੰਕ $12\frac{1}{2}$ ਹੋਣਗੇ।
2. ਪਾਠ-ਕ੍ਰਮ ਵਿਚ ਦਿੱਤੇ ਰਾਗਾਂ ਵਿਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇਕ ਰਾਗ ਵਿਚ ਸ਼ਬਦ ਗਾਇਨ ਕਰਨਾ। ਇਸ ਲਈ ਸਮਾਂ 5 ਮਿੰਟ ਅਤੇ ਅੰਕ $12\frac{1}{2}$ ਹੋਣਗੇ।
3. ਪਾਠ-ਕ੍ਰਮ ਦੇ ਤਾਲਾਂ ਦੀ ਇਕ ਗੁਣ ਅਤੇ ਦੁਗਣ ਲੈਅਕਾਰੀਆਂ ਵਿਚ ਹੱਥ ਨਾਲ ਤਾਲੀ ਦੇ ਕੇ ਪੇਸ਼ਕਾਰੀ। ਇਸ ਲਈ ਸਮਾਂ 3 ਮਿੰਟ ਅੰਕ $7\frac{1}{2}$ ਹੋਣਗੇ।
4. ਪਾਠ-ਕ੍ਰਮ ਦੇ ਰਾਗਾਂ ਅਤੇ ਤਾਲਾਂ ਵਿਚੋਂ ਕਿਸੇ ਇਕ ਰਾਗ ਅਤੇ ਇਕ ਤਾਲ ਦੀ ਪਛਾਣ ਕਰਨੀ। ਇਸ ਲਈ ਸਮਾਂ 2 ਮਿੰਟ ਅਤੇ ਅੰਕ 5 ਹੋਣਗੇ।

   ਅਲੰਕਾਰ/ਛੰਦ ਅਤੇ ਸਵਦੀਏ/ਅਪ੍ਰਚਲਿਤ ਰਾਗਾਂ ਦੀ ਪੇਸ਼ਕਾਰੀ ਲਈ ਸਮਾਂ 5 ਮਿੰਟ ਅਤੇ ਅੰਕ $12\frac{1}{2}$ ਹੋਣਗੇ।

## ਪਾਠ-ਕ੍ਰਮ ਪ੍ਰਯੋਗੀ

1 ਪਾਠ-ਕ੍ਰਮ ਅਨੁਸਾਰ ਹੇਠ ਲਿਖੇ ਗੁਰਬਾਣੀ ਦੇ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ :
ਭੈਰਵ
ਸਾਰੰਗ
ਆਸਾਵਾਰੀ
ਧਨਾਸਰੀ

2. ਪਾਠ-ਕ੍ਰਮ ਅਨੁਸਾਰ ਹੇਠ ਲਿਖੇ ਤਾਲਾਂ ਨੂੰ ਵਜਾਉਣ ਦਾ ਗਿਆਨ
ਇਕ ਤਾਲ, ਝਪਤਾਲ, ਰੂਪਕ, ਤਿੰਨਤਾਲ

3. ਗੁਰਬਾਣੀ ਦੇ ਕਿਸੇ ਸਲੋਕ ਦਾ ਵਿਲੰਬਤ ਲੈਅ ਵਿਚ ਬੰਧਨਾਂ ਰੀਤੀ ਅਨੁਸਾਰ ਗਾਇਨ

4. ਸੁਰ ਸੰਗਤੀਆਂ ਤੋਂ ਰਾਗਾਂ ਦੀ ਪਛਾਣ

5. ਆਸਾਵਰੀ ਅਤੇ ਭੈਰਵ ਵਿਚ ਪੰਜ- ਪੰਜਅਲੰਕਾਰਾਂ ਦਾ ਸਰਗਮ ਅਤੇ ਆਕਾਰ ਵਿਚ ਅਭਿਆਸ।

—0—

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

—ਪ੍ਰੇਮ ਸਿੰਘ ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਸਲੋਕ ਮਹਲਾ ੧ ॥

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ।
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ।
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ।
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ।
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ।
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ।
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ।
ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ।
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ।੧।

ਵਿਆਖਿਆ: —ਆਦਮੀਆਂ, ਰੁੱਖਾਂ, ਤੀਰਥਾਂ, ਨਦੀਆਂ, ਸਮੁੰਦਰਾਂ ਦੇ ਕਿਨਾਰਿਆਂ, ਬੱਦਲਾਂ ਤੇ ਚਾਰੇ ਖਾਣੀਆਂ ਅੰਡਿਆਂ ਤੋਂ, ਜ਼ੇਰ ਤੋਂ ਪਸੀਨੇ, ਆਦਿ ਤੋਂ ਅਤੇ ਜ਼ਮੀਨ ਚੋਂ ਉਪਜੇ ਭਾਵ ਸਾਰੇ ਜਗਤ ਦਾ ਪਰਮੇਸ਼ਰ ਦੇ ਰਚਣਹਾਰ ਤੇ ਸੰਭਾਲਣ ਦਾ ਕਥਨ ਕਰਕੇ ਰਚੇ ਗਏ ਦਾ ਉਸ ਵੱਲ ਫ਼ਰਜ਼ ਦੱਸਦੇ ਹਨ ਕਿ ਸਭ ਹੀ ਉਸ ਨੂੰ ਨਮਸਕਾਰ ਕਰਦੇ ਭਾਵ ਉਸ ਅੱਗੇ ਨਿਵ ਕੇ ਜੀਵਨ ਬਤੀਤ ਕਰ ਰਹੇ ਹਨ। ਸੋ ਅਸਲ ਨਿਉਣਾ ਟਿੱਕੇ, ਜੰਞੂ ਜਾਂ ਦਿਖਾਵੇ ਦੇ ਹੋਰ ਧਾਰਮਕ ਚਿੰਨ੍ਹ ਨਹੀਂ, ਸਗੋਂ ਵਾਹਿਗੁਰੂ ਨਾਲ ਨਿਜ ਸੰਬੰਧ, ਉਸ ਦੀ ਬਖਸ਼ਿਸ਼ ਹੈ। ਸਲੋਕ ਦਾ ਅੰਤ੍ਰੀਵ ਭਾਵ ਹੈ ਕਿ ਸਭ ਦਾ ਰਚਣਹਾਰ ਵਾਹਿਗੁਰੂ ਹੈ ਅਤੇ ਹਰੇਕ ਦੇ ਪਾਲਣ ਆਦਿ ਦੀ ਚਿੰਤਾ ਵੀ ਉਸੇ ਨੂੰ ਹੈ ਜਿਵੇਂ ਬਾਣੀ ਵਿਚ ਫੁਰਮਾਣ ਹੈ :—

ਨਾਨਕ ਚਿੰਤਾ ਮਤਿ ਕਰੋ ਚਿੰਤਾ ਤਿਸ ਹੀ ਹੇ ।
ਜਲ ਮੇਂ ਜੰਤ ਉਪਾਇਕੇ ਤਿਨਾ ਭੀ ਰੋਜੀ ਦੇ ।

ਸੋ ਸਾਡਾ ਸਭ ਜੀਵਾਂ ਦਾ ਸੁਤੇ ਫ਼ਰਜ਼ ਪਾਲਣਹਾਰ ਵੱਲ ਇਹ ਹੈ ਕਿ ਉਸ ਦੇ ਪਿਆਰ ਵਿਚ ਜੀਵੀਏ। ਉਸ ਦੇ ਆਗਿਆਕਾਰੀ ਸਪੁੱਤ੍ਰ ਬਣੀਏ।

ਮਹਲਾ ੧

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ।
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ।
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ।

ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ।
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ।
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ । ੨ ।

ਭਾਵ :—ਲੱਖਾਂ ਨੇਕੀਆਂ (ਦੂਜਿਆਂ ਨੂੰ ਸੁੱਖ ਦੇਣ ਵਾਲੇ ਭਲਾਈ ਦੇ ਕੰਮ) ਆਪ ਨੂੰ ਚੰਗੇ ਦੱਸਣ ਵਾਲੇ ਕੰਮ (ਚੰਗਿਆਈਆਂ)ਗੁਣ ਤੇ ਖੂਬੀਆਂ ਅਤੇ ਲੱਖਾਂ ਪ੍ਰਮਾਣਿਕ ਪੁੰਨ ਹੋਣ । ਯੁੱਧਾਂ ਵਿਚ ਜਾ ਕੇ ਲੱਖਾਂ ਸੂਰਮਤਾਈਆਂ ਵਿਖਾਉਂਦੇ ਹੋਏ, ਇਥੋਂ ਤਾਈਂ ਕਿ ਪ੍ਰਾਣ ਹੀ ਮੈਦਾਨੇ ਜੰਗ ਵਿਚ ਛੁਟ ਜਾਣ ਤੇ ਹੋਰ ਲੱਖਾਂ ਸਾਧਨ ਕਰਕੇ ਆਪਣੇ ਵੱਲੋਂ ਤੀਰਥਾਂ ਤੇ ਧਿਆਨ ਜੋੜਨ ਲਈ ਪਾਠ ਪੜ੍ਹੇ ਜਾਣ, ਇਹ ਸਭ ਜੀਵ ਦੇ ਮਨ ਦੀ ਮਤ ਦੇ ਵਿਚਾਰ ਤੋਂ ਕੀਤੇ ਗਏ ਕੰਮ ਹਨ । ਇਸ ਲਈ ਇਹ ਕੂੜੀਆਂ ਨਿਸ਼ਾਨੀਆਂ ਹਨ । ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ ਕਿ ਜਿਸ ਕਰਤਾਰ ਨੇ ਸ੍ਰਿਸ਼ਟੀ ਰਚੀ ਹੈ ਅਤੇ ਜਨਮ-ਮਰਨ ਨਿਯਤ ਕੀਤਾ ਹੈ, ਉਸ ਦੀ ਬਖਸ਼ਿਸ਼ (ਫਜ਼ਲ-ਮਿਹਰ) ਹੀ ਸੱਚਾ ਨਿਸ਼ਾਨ ਹੈ ਜੋ ਆਤਮਾ ਤੇ ਪੈ ਜਾਂਦਾ ਹੈ । ਸਰੀਰ ਤੇ ਹੋਰ ਕਿਸੇ ਤਰ੍ਹਾਂ ਦੇ ਲਗਾਏ ਗਏ ਦਾਗ਼ ਤੇ ਫੱਟ ਓਥੇ ਕਿਂਝ ਪ੍ਰਵਾਨ ਹੋ ਸਕਦੇ ਹਨ । ਸ਼ਰੀਰ ਤਾਂ ਇਥੇ ਹੀ ਮਿੱਟੀ ਨਾਲ ਮਿੱਟੀ ਹੋ ਜਾਂਦਾ ਹੈ । ਸੋ ਪੱਕੀ ਨਿਸ਼ਾਨੀ ਉਸ ਦੇ ਨਾਮ ਦੀ ਬਖਸ਼ਿਸ਼ ਹੈ ਜੋ ਆਤਮਾ ਨੂੰ ਦ੍ਰਵ ਦਿੰਦੀ ਹੈ ਜੀਓ, ਯਥਾ :
ਨਾਨਕ ਨਦਰੀ ਨਦਰਿ ਨਿਹਾਲ ।

## ਪਉੜੀ

ਸਾਚਾ ਸਾਹਿਬੁ ਏਕ ਤੂ ਜਿਨਿ ਸਚੋ ਸਚੁ ਵਰਤਾਇਆ ।
ਜਿਸ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨੀ ਸਚੁ ਕਮਾਇਆ ।
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ ਕੈ ਹਿਰਦੈ ਸਚੁ ਵਸਾਇਆ ।
ਮੂਰਖ ਸਚ ਨ ਜਾਣਨੀ ਮਨਮੁਖੀ ਜਨਮ ਗਵਾਇਆ ।
ਵਿਚਿ ਦੁਨੀਆ ਕਾਹੇ ਆਇਆ । ੮ ।

ਵਿਆਖਿਆ :—ਉਹ ਹੀ (ਨਿਰੰਕਾਰ) ਇਕ ਸੱਚਾ ਮਾਲਕ ਹੈ ਜੋ (ਆਪਣੇ ਸੇਵਕਾਂ ਵਿਚ) ਸੱਚ ਹੀ ਸਚ ਵਰਤਾ ਦਿੰਦਾ ਹੈਂ । ਸੱਚ ਤਾਂ ਕੇਵਲ ਉਸ ਨੂੰ ਮਿਲਦਾ ਹੈ ਜਿਸ ਨੂੰ ਤੂੰ ਕਿਰਪਾ ਕਰਕੇ ਆਪ ਦਿੰਦਾ ਹੈ । ਓਹੋ ਫੇਰ ਸੱਚ ਦੀ ਕਮਾਈ ਆਪ ਕਰਦਾ ਹੈ (ਨਾਮ ਜਪਦਾ ਹੈ ਤੇ ਭਾਣੇ ਵਿਚ ਆ ਜਾਂਦਾ ਹੈ) ਸੋ ਕਰਮਕਾਂਡੀ ਮੂਰਖ ਮਨਮੁਖੀ ਲੋਕ ਕਰਮਕਾਂਡ ਦੇ ਚੱਕਰ ਵਿਚ ਹੀ ਮਨੁੱਖਾ ਜਨਮ ਬਿਰਥਾ ਗੁਆ ਜਾਂਦੇ ਹਨ । ਜਿਵੇਂ ਟੋਡੀ ਰਾਗ ਵਿਚ ਸਾਹਿਬ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ :—

ਮਾਨੁਖ ਬਿਨ ਬੂਝੇ ਬਿਰਥਾ ਆਇਆ ।
ਅਨਿਕ ਸਾਜ ਸੀਗਾਰ ਬਹੁ ਕਰਤਾ
ਜਿਉ ਮਿਰਤਕੁ ਓਢਾਇਆ । ਰਹਾਉ । (ਟੋਡੀ ਮਹਲਾ ੫)

ਸੋ ਉਪਰੋਕਤ ਪਉੜੀ ਤੇ ਸਲੋਕਾਂ ਵਿਚ ਇਖਲਾਕੀ (ਸਦਾਚਾਰਕ) ਸੱਚ ਤੋਂ ਰਹੱਸਯਕ ਸੱਚ ਦਾ ਬਿਆਨ ਹਜ਼ੂਰ ਨੇ ਕੀਤਾ ਹੈ । ਰਹੱਸਯਕ ਸਚ ਨੂੰ ਪ੍ਰਾਪਤ ਹੋਏ ਬਾਝੋਂ

ਜੀਵ ਮਨ-ਬਚਨ ਕਰਮ ਕਰਕੇ ਸੱਚਾ ਨਹੀਂ ਹੋ ਸਕਦਾ। ਤਤ ਦੀ ਗੱਲ ਇਹ ਹੈ ਕਿ ਹਿਰਦੇ ਵਿਚ ਸੱਚੇ ਪ੍ਰਮਾਤਮਾ ਦਾ ਨਿਵਾਸ ਹੀ ਮੂਲ ਸੱਚ ਹੈ। ਇਸੇ ਸਚੁ ਨੂੰ ਅਗੇ ਦਸਵੀਂ ਪਉੜੀ ਦੇ ਦੂਸਰੇ ਸਲੋਕ ਵਿਚ ਇੰਜ ਬਿਆਨਿਆ ਗਿਆ ਹੈ :

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ।

ਸੋ ਸਚੁ ਦੀ ਪ੍ਰਾਪਤੀ ਲਈ ਹੀ ਹਜ਼ੂਰ ਦੇ ਚਰਨਾਂ ਵਿਚ ਇਕਾਗਰਤਾ ਸਹਿਤ ਅਰਦਾਸ ਕਰਨੀ ਹੈ ਜੀਓ। (ਚਲਦਾ)

# ਮਾਤਾ ਖੀਵੀ ਸੰਗੀਤ ਵਿਦਿਆਲਾ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੀ ਮਹਾਨ ਦੇਣ ਸੰਸਾਰ ਨੂੰ ਬਖਸ਼ਸ਼ ਕੀਤੀ ਹੈ। ਆਪ ਜੀ ਨੇ ਸਾਰਾ ਜੀਵਨ ਭਾਈ ਮਰਦਾਨੇ ਨੂੰ ਨਾਲ ਲੈ ਕੇ ਕੀਰਤਨ ਕੀਤਾ। ਅਨੰਦ ਸਾਹਿਬ ਵਿਚ ਗੁਰੂ ਅਮਰ ਦਾਸ ਜੀ, 'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸੱਚੀ ਬਾਣੀ' ਦਾ ਉਪਦੇਸ਼ ਦੇਂਦੇ ਹਨ। ਗੁਰੂ ਅਰਜਨ ਦੇਵ ਜੀ ਨੇ ਕੀਰਤਨ ਨੂੰ ਕਲਯੁਗ ਵਿਚ ਭਗਤੀ ਦਾ ਪ੍ਰਧਾਨ ਸਾਧਨ ਦਸਿਆ ਹੈ। ਇਥੇ ਹੀ ਬਸ ਨਹੀਂ, ਪੰਚਮ ਪਾਤਸ਼ਾਹ ਨੇ ਗੁਰੂ ਕੇ ਕੀਰਤਨੀਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਕੀਰਤਨੀਆਂ ਨੂੰ ਬਹੁਤ ਮਾਣ ਬਖਸ਼ਸ਼ ਕੀਤਾ ਹੈ।

ਸ੍ਰੀ ਖਡੂਰ ਸਾਹਿਬ ਸਤਿਗੁਰਾਂ ਦੀ ਉਹ ਪਵਿਤਰ ਧਰਤੀ ਹੈ ਜਿਸ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਭਾਈ ਮਰਦਾਨੇ ਨੇ, ਸੱਤੇ ਤੇ ਬਲਵੰਡ ਨੇ ਅਤੇ ਪੰਚਮ ਪਾਤਸ਼ਾਹ ਜੀ ਨੇ ਆਪ ਕੀਰਤਨ ਕਰਕੇ ਜਗਤ ਜਲੰਦੇ ਨੂੰ ਤਾਰਿਆ ਹੈ। ਗੁਰਮੁਖੀ ਲਿਪੀ ਦਾ ਵਿਕਾਸ ਤੇ ਪ੍ਰਚਾਰ ਵੀ ਇਸ ਮਹਾਨ ਨਗਰ ਤੋਂ ਸ਼ੁਰੂ ਹੋਇਆ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਬਾਲਕਾਂ ਨੂੰ ਆਪ ਹਰ ਰੋਜ਼ ਪੰਜਾਬੀ ਤੇ ਗੁਰਮੁਖੀ ਪੜ੍ਹਾਉਂਦੇ ਅਤੇ ਆਪਣੇ ਕਰ ਕਮਲਾਂ ਨਾਲ ਗੁਰਮੁਖੀ ਦੇ ਕਾਇਦੇ ਲਿਖ ਕੇ ਬਾਲਕਾਂ ਨੂੰ ਦੇਂਦੇ। ਗੁਰਬਾਣੀ ਅਤੇ ਗੁਰ ਇਤਿਹਾਸ ਦੀ ਸੰਭਾਲ ਕਰਕੇ ਆਪ ਜੀ ਨੇ ਗ੍ਰੰਥ ਅਤੇ ਪੰਥ ਦੀ ਨੀਂਹ ਨੂੰ ਪੱਕਿਆਂ ਕੀਤਾ।

ਦੂਜੇ ਪਾਤਸ਼ਾਹ ਜੀ ਨੇ ਗੁਰਿਆਈ ਦਾ ਸਾਰਾ ਸਮਾਂ ਜੋ ਲਗਭਗ 13 ਸਾਲ ਬਣਦਾ ਹੈ, ਇਸੇ ਨਗਰ ਵਿਚ ਬਤੀਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਪਾਕਿ-ਸਤਾਨ) ਧਰਮਸਾਲਾ ਬਣਾ ਕੇ ਸਿਖੀ ਪ੍ਰਚਾਰ ਦਾ ਪਹਿਲਾ ਕੇਂਦਰ ਸਥਾਪਤ ਕੀਤਾ। ਅੰਤਮ ਸਮੇਂ ਭਾਈ ਲਹਿਣਾ ਜੀ ਨੂੰ ਗੁਰ ਗੱਦੀ ਬਖਸ਼ਸ਼ ਕਰਕੇ ਖਹਿਰਿਆਂ ਦੇ ਖਡੂਰ ਜਾਣ ਦਾ ਹੁਕਮ ਦਿੱਤਾ। ਇਸ ਤਰ੍ਹਾਂ ਕਰਤਾਰਪੁਰ ਤੋਂ ਬਾਅਦ ਖਡੂਰ ਸਾਹਿਬ ਸਿੱਖੀ ਪ੍ਰਚਾਰ ਦਾ ਮੁਖ ਕੇਂਦਰ ਬਣਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਲਕਾਂ ਨੂੰ ਮਾਨਸਿਕ ਅਤੇ ਸਰੀਰਕ ਸਿਖਿਆ ਦੇ ਕੇ 'ਤਨ ਮਨ ਥੀਵੈ ਹਰਿਆ' ਦਾ ਸਿਧਾਂਤ ਸੰਸਾਰ ਵਿਚ ਪ੍ਰਗਟ ਕੀਤਾ। ਇਹ ਉਹ ਪਵਿਤਰ ਧਰਤੀ ਹੈ ਜਿਸਨੂੰ ਨੌਂ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ।

ਮਾਤਾ ਖੀਵੀ ਜੀ (ਮਹਲ ਪਾ: ੨) ਅਤੇ ਬੀਬੀ ਅਮਰੋ ਜੀ (ਸਪੁੱਤਰੀ ਪਾ: ੨) ਦਾ ਜੀਵਨ ਸੰਸਾਰ ਵਾਸਤੇ ਚਾਨਣ ਮੁਨਾਰਾ ਹੈ। ਮਾਤਾ ਖੀਵੀ ਅਜਿਹੀ ਮਹਾਨ ਸਖਸ਼ੀਅਤ ਹੋਏ ਹਨ, ਜਿਨ੍ਹਾਂ ਦੀ ਉਪਮਾ ਗੁਰ ਕੀ ਬਾਣੀ ਅੰਦਰ ਦਰਜ ਹੈ।

ਮਾਤਾ ਖੀਵੀ ਸਹੁ ਸੋਇ ਜਿਨ ਗੋਇ ਉਠਾਲੀ।'

**ਅਥਵਾ** :—ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।

ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ।

ਮਾਤਾ ਜੀ ਨੇ ਆਪਣਾ ਸਾਰਾ ਜੀਵਨ ਲੰਗਰ ਦੀ ਸੇਵਾ ਵਿਚ ਅਰਪਨ ਕਰ ਦਿੱਤਾ। ਆਪਣੇ ਠੰਡੇ ਮਿੱਠੇ ਸੁਭਾਅ ਕਾਰਨ ਮਾਤਾ ਜੀ ਸੰਗਤ ਵਿਚ ਬਹੁਤ ਸਤਿਕਾਰੇ ਜਾਂਦੇ ਸਨ।

ਖਡੂਰ ਸਾਹਿਬ ਵਿਚ ਮਾਤਾ ਜੀ ਦੀ ਯਾਦ ਵਿਥ ਕੋਈ ਯਾਦਗਾਰ ਉਪਲਬਧ ਨਹੀਂ ਹੈ। ਮਾਤਾ ਜੀ ਦੇ ਸੇਵਾ ਭਰੇ ਜੀਵਨ ਨੂੰ ਉਜਾਗਰ ਕਰਨ ਵਾਸਤੇ ਸ੍ਰੀ ਗੁਰੂ ਅੰਗਦ ਦੇਵ ਗੁਰਮਤਿ ਪ੍ਰਚਾਰ ਸਭਾ (ਰਜਿ:) ਨੇ ਉਨ੍ਹਾਂ ਦੇ ਨਾਂ ਉਤੇ ਸੰਗੀਤ ਵਿਦਿਆਲਾ ਖੋਲ੍ਹਿਆ ਹੈ। ਜਿਸ ਵਿਚ ਬੱਚਿਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਸੰਗੀਤ (ਕੀਰਤਨ) ਦੀ ਸਿਖਿਆ ਦਿੱਤੀ ਜਾਂਦੀ ਹੈ। ਬੱਚਿਆਂ ਵਾਸਤੇ ਸਾਰਾ ਜ਼ਰੂਰੀ ਸਮਾਨ ਧਾਰਮਿਕ ਕਿਤਾਬਾਂ ਗੁਟਕੇ, ਪੋਥੀਆਂ, ਹਾਰਮੋਨੀਅਮ ਅਤੇ ਤਬਲੇ ਆਦਿ ਦਾ ਸਾਰਾ ਪ੍ਰਬੰਧ ਸਭਾ ਵੱਲੋਂ ਕੀਤਾ ਗਿਆ ਹੈ। ਬਹੁਤ ਤਜਰਬੇਕਾਰ ਅਤੇ ਚੰਗੇ ਚੰਗੇ ਉਸਤਾਦ ਬੱਚਿਆਂ ਨੂੰ ਸਿਖਿਆ ਦੇਣ ਵਾਸਤੇ ਰਖੇ ਹੋਏ ਹਨ।

ਸਿੱਖ ਪਨੀਰੀ ਨੂੰ ਸ਼ਬਦ (ਗੁਰਬਾਣੀ) ਨਾਲ ਜੋੜਨ ਲਈ ਵਿਦਿਆਲਾ ਸਿਰਤੋੜ ਜਤਨ ਕਰ ਰਿਹਾ ਹੈ। ਚੰਗੇ ਚੰਗੇ ਨਿਸ਼ਕਾਮ ਕੀਰਤਨੀਏ ਅਤੇ ਗੁਣੀ ਗਿਆਨੀ ਪੈਦਾ ਕਰਨਾ ਹੀ ਇਸ ਵਿਦਿਆਲੇ ਦਾ ਉਦੇਸ਼ ਹੈ। ਪੇਂਡੂ ਇਲਾਕੇ ਵਿਚ ਸੰਗੀਤ ਦੀ ਵਿਦਿਆ ਨੂੰ ਪ੍ਰਫੁਲਤ ਕਰਨਾ ਸਾਡਾ ਮਨੋਰਥ ਹੈ। ਵਿਦਿਆਲਾ ਦੋ ਸਾਲ ਤੋਂ ਉਪਰੋਕਤ ਉਦੇਸ਼ ਨੂੰ ਬੜੀ ਸਫਲਤਾ ਨਾਲ ਪ੍ਰਾਪਤ ਕਰ ਰਿਹਾ ਹੈ। ਪੇਂਡੂ ਇਲਾਕੇ ਦੇ ਵਖ-ਵਖ ਪਿੰਡਾਂ 'ਚੋਂ 50 ਤੋਂ ਵੱਧ ਵਿਦਿਆਰਥੀ ਇਸ ਵੇਲੇ ਲਾਭ ਪ੍ਰਾਪਤ ਕਰ ਰਹੇ ਹਨ। ਵਿਦਿਆਲੇ ਦੇ ਬੱਚੇ ਦੂਰ-ਦੂਰ ਤਕ ਜਾਕੇ ਕੀਰਤਨ ਦੁਆਰਾ ਸੰਗਤਾਂ ਦੀ ਸੇਵਾ ਕਰਦੇ ਹਨ। ਇਸਤੋਂ ਇਲਾਵਾ ਕੀਰਤਨ ਦਰਬਾਰਾਂ ਅਤੇ ਕੀਰਤਨ ਮੁਕਾਬਲਿਆਂ ਵਿਚ ਭਾਗ ਲੈ ਕੇ ਬੱਚੇ ਚੰਗੇ ਚੰਗੇ ਇਨਾਮ ਵੀ ਪ੍ਰਾਪਤ ਕਰਦੇ ਹਨ। ਹਰ ਸਾਲ ਮਾਰਚ ਵਿਚ ਬੱਚਿਆਂ ਦੇ ਕੀਰਤਨ ਮੁਕਾਬਲੇ ਕਰਾ ਕੇ ਉਨ੍ਹਾਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ।

ਇਹ ਸਾਰਾ ਪ੍ਰੋਗਰਾਮ ਸੰਗਤਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਚਲ ਰਿਹਾ ਹੈ। ਸੰਗਤਾਂ ਬਹੁਤ ਉਤਸ਼ਾਹ ਨਾਲ ਵਿਦਿਆਲੇ ਦੀ ਸਹਾਇਤਾ ਕਰਦੀਆਂ ਆ ਰਹੀਆਂ ਹਨ। ਵਿਦਿਆ ਪ੍ਰੇਮੀਆਂ, ਸੰਗੀਤ ਪ੍ਰੇਮੀਆਂ ਅਤੇ ਗੁਰਮਤ ਪ੍ਰਚਾਰ ਦੇ ਹਿਤੈਸ਼ੀਆਂ ਪਾਸ ਸਨਿਮਰ ਬੇਨਤੀ ਹੈ ਕਿ ਉਹ ਅਜਿਹੇ ਵਿਦਿਆਲੇ ਚਲਾਉਣ ਦਾ ਯਤਨ ਕਰਨ ਅਤੇ ਚਲ ਰਹੇ ਵਿਦਿਆਲਿਆਂ ਦੀ ਹਰ ਤਰ੍ਹਾਂ ਸਹਾਇਤਾ ਕਰਨ ਤਾਂ ਜੁ ਬਾਬੇ ਨਾਨਕ ਦਾ ਸੁਪਨਾ 'ਘਰ ਘਰ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਿਸੋਆ' (ਭਾਈ ਗੁਰਦਾਸ ਜੀ) ਸਾਕਾਰ ਹੋ ਸਕੇ। ਧੰਨਵਾਦ ਸਹਿਤ।

ਸੰਗਤਾਂ ਦੇ ਦਾਸ

**ਸੁਰਜੀਤ ਸਿੰਘ ਸਰੂਪ ਸਿੰਘ**

ਇੰਨਚਾਰਜ ਮਾਤਾ ਖੀਵੀ ਸੰਗੀਤ ਵਿਦਿਆਲਾ

ਖਡੂਰ ਸਾਹਿਬ, (ਅੰਮ੍ਰਿਤਸਰ)

# ਰਾਗ ਕਿਸ ਨੂੰ ਆਖਦੇ ਹਨ ?

—ਬੇਦੀ ਲਾਲ ਸਿੰਘ ਸਾਹਿਤਕਾਰ

1. ਫਾਰਸੀ ਭਾਸ਼ਾ ਵਿਚ ਰਾਗ ਨੂੰ ਤਰਾਨਾ, ਨਗਮਾ, ਸ਼ਮਾਅ ਤੇ ਪਹਾੜ ਦਾ ਦਾਮਨ ਭਾਵ ਸਬਜ਼ ਜ਼ਨਰ ਆਨੰਦ ਮਈ ਭੂਮੀ ਕਹਿੰਦੇ ਹਨ, ਪਰ ਹਿੰਦੀ ਭਾਸ਼ਾ ਵਿਚ ਲੈ, ਸੁਰ, ਕਿੱਸਾ, ਕਹਾਣੀ ਅਤੇ ਝਗੜਾ ਫਸਾਦ । (ਲੁਗਾਤੇ ਫੀਰੋਜ਼ੀ ਉਰਦੂ ਪੰਨਾ ੫੫੯)

2. ਸੰਸਕ੍ਰਿਤ ਭਾਸ਼ਾ ਵਿਚ ਰਾਗ ਨੂੰ ਸੰਗੀਤ, ਪ੍ਰੇਮ, ਰੰਗ, ਜੋ ਸੁਰ ਤਾਲ ਵਿਚ ਉਚਾਰੀ ਜਾਵੇ ਤੇ ਮਨ ਨੂੰ ਕਿਸੇ ਭਾਵ ਵਿਚ ਲੈ ਜਾਵੇ ਉਹ ਰਾਗ ਹੈ । ਯਥਾ :

**ਰਾਗ ਨਾਦ ਸਭੁ ਸਚੁ ਹੈ ।**

3. ਪ੍ਰੇਮ ਯਥਾ—'ਰਾਗ ਰਤਨ ਪਰਿਵਾਰ ਪਰੀਆਂ ।' ਅਸਲ ਵਿਚ ਇਥੇ ਰਾਗ ਦਾ ਅਰਥ ਸੰਗੀਤ ਹੀ ਹੈ । ਪਰ ਕਈ ਗਿਆਨੀ ਇਓਂ ਭੀ ਅਰਥ ਕਰਦੇ ਹਨ :—

ਪ੍ਰੇਮ (ਰਾਗ) ਵੈਰਾਗ (ਰਤਨ) ਕਰੁਣਾ ਮੈਤ੍ਰੀ ਤੇ ਸੰਤੋਖ ਆਦਿਕ (ਪਰਿਵਾਰ)
(ਗੁਰੂ ਗ੍ਰੰਥ ਕੋਸ਼ ਪੰਨਾ 783)

4. ਜਿਸ ਨੂੰ ਸੁਣ ਕੇ ਚਿਤ ਵਿਚ ਪ੍ਰਸੰਨਤਾ ਤੇ ਪ੍ਰੀਤਿ ਉਤਪੰਨ ਹੋਵੇ, ਉਸ ਦਾ ਨਾਓਂ ਰਾਗ ਹੈ । ਦੂਜੇ ਸੰਗੀਤ ਸ਼ਾਸਤਰ ਵਿਚ ਛੇ ਰਾਗ ਸ਼੍ਰੋਮਣੀ ਮੰਨੇ ਗਏ ਹਨ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :—

(ੳ) ਸ੍ਰੀ ਰਾਗ (ਅ) ਭੈਰਵ (ੲ) ਮੇਘ (ਸ) ਦੀਪਕ (ਹ) ਕੌਸ਼ਿਕ (ਮਾਲਕੌਸ) (ਕ) ਹਿੰਦੋਲ

ਸ਼ੁੱਧ ਸੰਕੀਰਣ ਭੇਦਾਂ ਕਰਕੇ ਅਨੰਤ ਰਾਗ ਅਤੇ ਰਾਗਣੀਆਂ ਵਿਦਵਾਨਾਂ ਨੇ ਕਲਪੀਆਂ ਹਨ, ਜਿਹਨਾਂ ਦੇ ਛੇ ਰਾਗਾਂ ਨਾਲ ਸੰਬੰਧ ਥਾਪੇ ਹਨ । ਪਰ ਸਾਰੇ ਰਾਗਾਂ ਦੇ ਮੁੱਖ ਭੇਦ ਤਿੰਨ ਹੀ ਹਨ ਜਿਵੇਂ :—

(ੳ) ਉੜਬ—ਜਿਹਨਾਂ ਨੂੰ ਪੰਜ ਸੁਰ ਲਗਦੇ ਹਨ । ਇਹ ਰਾਗ ਹਨ :
ਕੌਸ਼ਿਕ ਤੇ ਹਿੰਦੋਲ ।

(ਅ) ਖੜਬ—ਜਿਹਨਾਂ ਨੂੰ ਛੇ ਸੁਰ ਲਗਦੇ ਹਨ । ਇਹ ਰਾਗ ਹਨ :
ਮੇਘ ਅਤੇ ਦੀਪਕ ।

(ੲ) ਸੰਪੂਰਨ—ਜਿਹਨਾਂ ਨੂੰ ਸਤ ਸੁਰ ਲਗਦੇ ਹਨ । ਇਹ ਰਾਗ ਹਨ :
ਸ੍ਰੀ ਰਾਗ ਅਤੇ ਭੈਰਵ ।

ਸਾਰੇ ਧਰਮ ਗ੍ਰੰਥਾਂ ਨਾਲੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ 'ਜੈਸੀ ਮੈ ਆਵਹਿ ਖਸਮ ਕੀ ਬਾਣੀ' ਨੂੰ ਰਾਗ ਵਿਚ ਉਚਾਰਨ ਕਰਕੇ ਸੰਸਾਰ ਭਰ ਦੇ ਲੋਕਾਂ ਨੂੰ ਸੰਗੀਤ ਦੀ ਇਕ ਨਵੀਂ ਰੌਸ਼ਨੀ ਪ੍ਰਦਾਨ ਕੀਤੀ ਹੈ । ਗੁਰੂ ਸਾਹਿਬਾਨ ਨੇ ਬਾਣੀ ਰਚਨਾ ਵਿਚ 31 ਰਾਗਾਂ ਦੀ ਵਰਤੋਂ ਕੀਤੀ ਹੈ । ਪਰ ਰਾਗ ਮਾਲਾ ਵਿਚ ਕੇਵਲ ਤੀਹ ਰਾਗ ਹੀ ਲਿਖੇ ਹਨ । ਉਹ ਸਮਝਦੇ ਸਨ ਕਿ ਮਨੁੱਖ ਦੇ ਦਿਲ ਦਿਮਾਗ ਤੇ ਜਿੰਨੀ ਛੇਤੀ ਰਾਗ

ਮਈ ਸ਼ਬਦ ਅਸਰ ਕਰਦੇ ਹਨ ਉਤਨਾ ਹੋਰ ਕਿਸੇ ਵੀ ਸਾਧਨ ਰਾਹੀਂ ਨਹੀਂ। ਉਹ ਜਾਣਦੇ ਸਨ ਕਿ ਰਾਗ ਵਿਚ ਗਾਈ ਹੋਈ ਬਾਣੀ ਚਿਤ ਉਤੇ ਸ਼ੀਘਰ ਅਸਰ ਕਰਦੀ ਹੈ। ਇਸੇ ਮੁੱਖ ਕਾਰਣ ਨੂੰ ਆਪ ਜੀ ਨੇ ਸਾਹਮਣੇ ਰੱਖ ਕੇ ਸਤਯ-ਉਪਦੇਸ਼ ਮਈ ਬਾਣੀ ਰਾਗਾਂ ਵਿਚ ਅਲਾਪਣੀ ਵਿਧਾਨ ਕੀਤੀ ਹੈ। (ਸਤਯ ਉਪਦੇਸ਼)

ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼ ਦੇ ਪੰਨਾ 1027 ਉਤੇ ਰਾਗ ਬਾਰੇ ਅੰਕਿਤ ਕਰਦੇ ਹਨ :

ਰਾਗ : 1. ਸੰਸਕ੍ਰਿਤ ਰੰਜਨ (ਰੰਗਣਾ) ਅਤੇ ਰਸ। 2. ਵਰਣਨ ਕਰਨਾ 3. ਪ੍ਰੀਤਿ 4. ਅਨੁਰਾਗ 5. ਪ੍ਰੇਮ 6. ਕ੍ਰੋਧ 7. ਗੁੱਸਾ 8. ਰਾਜਾ 9. ਚੰਦ੍ਰਮਾ 10. ਸੂਰਜ 11. ਕਵਚ 12. ਸੰਜੋਆ 'ਕਹੂੰ ਦੇਖ ਕਹੂੰ ਰਾਗ ਭਾਰੀ' (ਬਚਿਤ੍ਰ ਪੰਨਾ 224) 13. ਲੋਹੇ ਦੀਆਂ ਲੜੀਆਂ ਦਾ ਬਣਿਆ ਹੋਇਆ ਹੱਥ ਦਾ ਦਸਤਾਨਾ ਯਥਾ (ਢਿਲਤਹ) ਰਾਗ ਸੰਜੋਆ ਭਾਰੀ 14. ਸ਼ਿੰਗਾਰ 15. ਸਜਾਵਟ 16. ਸੰਗੀਤ (ਵਿਦਿਆ ਅਨੁਸਾਰ ਸੁਰ ਪ੍ਰਬੰਧ ਜਿਸ ਦੇ ਸੁਣਨ ਤੋਂ ਮਨ ਵਿਚ ਰਾਗ (ਪ੍ਰੇਮ) ਉਪਜੇ।

ਵੈਸੇ ਰਾਗ ਦਾ ਮੂਲ ਸਾਰੇ ਵਿਦਵਾਨਾਂ ਨੇ ਸਤ ਸੁਰ ਹੀ ਮੰਨੇ ਹਨ, ਜਿਹਨਾਂ ਦੇ ਨਾਮ ਇਸ ਪ੍ਰਕਾਰ ਹਨ : ਸੜਜ, ਰਿਸ਼ਭ, ਗਾਂਧਾਰ, ਮਧਯਮ, ਪੰਚਮ, ਧੈਵਤ, ਨਿਸ਼ਾਦ।

ਗੁਰਬਾਣੀ ਦਸਦੀ ਹੈ—'ਰਾਗ ਨਾਦ ਸਬਦਿ ਸੋਹਣੇ' (ਮ: ੩ ਵਾਰ ਬਿਲਾਵਲ)

ਵਿਦਵਾਨਾਂ ਦੇ ਮਤ ਭੇਦ ਅਤੇ ਦੇਸ ਭੇਦ ਕਰਕੇ ਰਾਗਾਂ ਦੇ ਅਨੰਤ ਭੇਦ ਅਤੇ ਰੂਪ ਹਨ। ਕਈਆਂ ਨੇ ਭੈਰਵ, ਮਲਾਰ, ਸ੍ਰੀ ਰਾਗ, ਬਸੰਤ, ਹਿੰਦੋਲ ਅਤੇ ਦੀਪਕ ਪ੍ਰਧਾਨ ਰਾਗ ਮੰਨੇ ਹਨ। ਪਰ ਭਰਤ ਦੇ ਮਤ ਅਨੁਸਾਰ ਮੁੱਖ ਰਾਗ ਭੈਰਵ, ਕੌਸ਼ਿਕ, ਹਿੰਦੋਲ, ਦੀਪਕ, ਸ੍ਰੀ ਰਾਗ ਅਤੇ ਮੇਘ ਛੇ ਰਾਗ ਹਨ। ਹਨੂਮਾਨ ਮਤ ਅਨੁਸਾਰ ਇਹਨਾਂ ਦਾ ਕ੍ਰਮ ਹੈ : ਸ੍ਰੀ ਰਾਗ, ਭੈਰਵ, ਮੇਘ, ਦੀਪਕ, ਮਾਲਕੌਸ ਅਤੇ ਹਿੰਦੋਲ। ਭਾਈ ਸਾਹਿਬ ਵੀ ਰਾਗਾਂ ਦੇ ਮੁੱਖ ਭੇਦ ਤਿੰਨ ਹੀ ਮੰਨਦੇ ਹਨ :—

ਔੜਵ—ਪੰਜ ਸੁਰਾਂ ਦਾ ਸਾੜਵ—ਛੇ ਸੁਰਾਂ ਦਾ ਸੰਪੂਰਨ—ਸਤ ਸੁਰਾਂ ਦਾ

ਪਰ ਸੰਗੀਤ ਸ਼ਾਸ਼ਤਰ ਨੇ ਰਾਗਾਂ ਦੇ ਸ਼ੁੱਧ, ਛਾਯਾ ਲਿੰਗਤ ਅਤੇ ਸੰਕੀਰਣ ਤਿੰਨ ਭੇਦ ਹੀ ਥਾਪੇ ਹਨ :

(ੳ) ਮੁੱਢ ਤੋਂ ਥਾਪੇ ਹੋਏ ਸੁਰ ਜਿਹਨਾਂ ਰਾਗਾਂ ਨੂੰ ਲਗਦੇ ਹਨ, ਉਹ ਸ਼ੁੱਧ ਹਨ।

(ਅ) ਦੂਸਰੇ ਰਾਗਾਂ ਦੇ ਸਰੂਪ ਦੀ ਝਲਕ ਜਿਹਨਾਂ ਰਾਗਾਂ ਵਿਚ ਪਾਈ ਜਾਂਦੀ ਹੈ, ਉਹ ਛਾਯਾਲਿੰਗਿਤ ਹਨ।

(ੲ) ਰਾਗਾਂ ਦੇ ਸੁਰ ਅਤੇ ਛਾਯਾਲਿੰਗਿਤ ਰਾਗਾਂ ਦੇ ਆਪੋ ਵਿਚ ਮਿਲ ਜਾਣ ਤੋਂ ਜੋ ਭੇਦ ਬਣ ਗਏ ਹਨ, ਉਹ ਸੰਕੀਰਣ ਆਖੀਦੇ ਹਨ।

ਕਈ ਸੰਗੀਤ ਗ੍ਰੰਥਾਂ ਵਿਚ ਦੋ ਹੀ ਭੇਦ ਲਿਖੇ ਹਨ : ਇਕ ਮਾਰਗੀਯ ਦੂਜੇ ਦੇਸ਼ਯ। ਰਿਖੀਆਂ ਦੇ ਦੱਸੇ ਮਾਰਗ ਅਨੁਸਾਰ ਜੋ ਗਾਏ ਜਾਂਦੇ ਹਨ, ਉਹ ਮਾਰਗੀਯ ਹਨ। ਦੇਸ ਚਾਲ ਦੇ ਮਤ ਭੇਦ ਕਰਕੇ ਜੋ ਬਣ ਗਏ ਹਨ, ਉਹ ਦੇਸੀ ਹਨ।

ਸੱਚ ਤਾਂ ਇਹ ਹੈ ਕਿ ਰਾਗ ਜਾਦੂ ਵਰਗਾ ਅਸਰ ਰਖਦਾ ਹੈ। ਇਸ ਨੂੰ ਸੁਣਨ ਵਾਲਾ ਮੁਗਧ ਮਨ ਹੋ ਜਾਂਦਾ ਹੈ। ਮਸਤੀ ਵਿਚ ਆ ਜਾਂਦਾ ਹੈ। ਕਈ ਵਾਰੀ ਆਪੇ ਤੋਂ ਬਾਹਰ ਹੋ ਕੇ ਨੱਚਣ ਲੱਗ ਪੈਂਦਾ ਹੈ। ਰਾਗ ਦੀ ਚੋਟ (ਜ਼ਰਬ) ਸਰੋਤੇ ਦੇ ਦਿਲ-ਦਿਮਾਗ ਦੋਹਾਂ ਤੇ ਅਸਰ ਅੰਦਾਜ਼ ਹੁੰਦੀ ਹੈ। ਰਾਗ ਬਿਰਤੀ ਨੂੰ ਗੁਰ-ਚਰਨਾਂ ਨਾਲ ਜੋੜ ਕੇ ਅਭੇਦ ਕਰਦਾ ਹੈ। ਗੁਰਮਤਿ ਦੇ ਆਧਾਰ ਤੇ ਸਿੱਖ ਧਰਮ ਵਿਚ ਰਾਗ ਤੇ ਕੀਰਤਨ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਗੁਰੂ ਸਾਹਿਬਾਨ ਨੇ ਕਲਜੁਗ ਵਿਚ ਜੀਵ ਦੇ ਕਲਿਆਣ ਦਾ ਮੁੱਖ ਸਾਧਨ ਕੀਰਤਨ ਹੀ ਦਸਿਆ ਹੈ ਫੁਰਮਾਨ ਹੈ :—

ਕਲ ਕੀਰਤਨ ਨਾਮੁ ਆਧਾਰਾ

ਰਾਗ ਨਾਲ ਜੇ ਜ਼ਹਿਰੀਲੇ ਸੱਪ ਕੀਲੇ ਜਾ ਸਕਦੇ ਹਨ। ਕ੍ਰਿਸ਼ਨ ਜੀ ਤੇ ਰਾਂਝੇ ਵਾਂਗ ਪਸ਼ੂ ਵੱਸ ਵਿਚ ਕੀਤੇ ਜਾ ਸਕਦੇ ਹਨ ਤਾਂ ਫਿਰ ਸੂਝ ਬੂਝ ਰੱਖਣ ਵਾਲਾ ਇਨਸਾਨ ਕਿਸ ਤਰ੍ਹਾਂ ਇਸ ਦੇ ਵਸ ਨਹੀਂ ਹੁੰਦਾ। ਸਗੋਂ ਇਨਸਾਨ ਤਾਂ ਛੇਤੀ ਹੀ ਰਾਗ ਦੇ ਵੱਸ ਹੋ ਜਾਂਦਾ ਹੈ। ਰਾਗ ਵਿਚ ਕਈ ਸ਼ਕਤੀਆਂ ਅਭੇਦ ਹਨ। ਰਾਗ ਦੀਵੇ ਜਗਾ ਸਕਦਾ ਹੈ, ਰਾਗ ਮੀਂਹ ਪਵਾ ਸਕਦਾ ਹੈ, ਰਾਗ ਮਨੋਰੰਜਨ ਵੀ ਕਰਦਾ ਹੈ। ਪਰ ਸ੍ਰਿਸ਼ਟੀ ਤੇ ਸ਼ੁੱਧ ਅਤੇ ਸੰਪੂਰਨ ਰਾਗ ਪ੍ਰੇਮ ਭਗਤੀ ਪੈਦਾ ਕਰਦੇ ਹਨ।

ਇਸ ਲਈ ਅਜ ਦੇ ਕੀਰਤਨੀਆਂ ਨੂੰ ਚਾਹੀਦਾ ਹੈ ਕਿ ਬਨਾਉਟੀ ਰਾਗਾਂ ਨੂੰ ਛੱਡ ਕੇ ਸੰਪੂਰਨ ਰਾਗਾਂ ਵਿਚ ਗੁਰਬਾਣੀ ਦਾ ਕੀਰਤਨ ਕਰਿਆ ਕਰਨ। ਗੁਰਮਤਿ, ਫਿਲਮੀ ਤਰਜਾਂ ਤੇ ਕੀਰਤਨ ਕਰਨ ਦੀ ਆਗਿਆ ਨਹੀਂ ਦਿੰਦੀ। ਇਸ ਲਈ ਗੁਰਬਾਣੀ ਦਾ ਕੀਰਤਨ ਸ਼ੁੱਧ ਤੇ ਸੰਪੂਰਨ ਰਾਗਾਂ ਵਿਚ ਕਰਨਾ ਹੀ ਉਚਿਤ ਹੈ।

ਸੁਰ ਇਕ ਮਤ ਵਿਚ ਜੋ ਰਾਗ ਹੈ, ਦੂਜੇ ਦੇ ਮਤ ਵਿਚ ਉਹੋ ਰਾਗਣੀ ਹੈ। ਇਸੇ ਤਰ੍ਹਾਂ ਰਾਗਣੀ ਨੂੰ ਰਾਗ ਮੰਨਿਆ ਹੈ, ਅਤੇ ਨਾਵਾਂ ਦਾ ਵੀ ਬਹੁਤ ਭੇਦ ਹੈ, ਸਰਗਮਾਂ ਦਾ ਵੀ ਦਿਨ-ਰਾਤ ਦਾ ਫਰਕ ਹੈ। ਪਰ ਗੁਰਮਤਿ ਵਿਚ ਅਜਿਹਾ ਨਹੀਂ ਹੈ। ਉਹਨਾਂ ਦੇ ਜੋ ਨਾਮ ਹਨ, ਉਹਨਾਂ ਵਿਚ ਕੋਈ ਵੀ ਮਤ ਭੇਦ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਸਰੂਪ ਦੇ ਕਈ ਭਿੰਨ ਪ੍ਰਕਾਰ ਡਾ. ਚਰਨ ਸਿੰਘ ਜੀ ਨੇ ਬਾਣੀ ਬਿਓਰੇ ਵਿਚ ਲਿਖੇ ਹਨ। ਜਿਸ ਪ੍ਰੇਮੀ ਨੂੰ ਉਹਨਾਂ ਦੇ ਜਾਣਨ ਦੀ ਇਛਿਆ ਹੋਵੇ, ਉਹ ਉਸ ਗ੍ਰੰਥ ਵਿਚੋਂ ਵੇਖ ਸਕਦਾ ਹੈ।

ਮੈਕਾਲਿਫ ਸਾਹਿਬ ਨੇ ਸਿੱਖ ਰਿਲੀਜਨ ਦੀ ਪੰਜਾਬੀ ਜਿਲਦ ਵਿਚ ਗੁਰਬਾਣੀ ਦੇ ਰਾਗਾਂ ਦੇ ਸਰੂਪ ਬੜੀ ਮਿਹਨਤ ਨਾਲ, ਨਾਭਾ ਦਰਬਾਰ ਦੇ ਖਰਚ ਨਾਲ, ਪੂਰਬ ਮਹੰਤ ਗੱਜਾ ਸਿੰਘ ਜੀ ਅਤੇ ਅਤੇ ਇਕ ਜੋਰਾ ਬੈਂਡ ਮਾਸਟਰ ਦੀ ਸਹਾਇਤਾ ਨਾਲ ਪੱਛਮੀ ਢੰਗ ਤੇ ਲਿਖੇ ਹਨ, ਜਿਸ ਤੋਂ ਸੁਰਾਂ ਦੇ ਚਿੰਨ੍ਹ ਜਾਣਨ ਵਾਲਾ ਆਸਾਨੀ ਨਾਲ ਗਾ ਵਜਾ ਸਕਦਾ ਹੈ। (ਮਹਾਨ ਕੋਸ਼, ਪੰਨਾ 1027)

ਰਾਗਾਂ ਦੇ ਪ੍ਰਸਿੱਧ ਮਤ ਇਹ ਹਨ :

**ਸ਼ਿਵ ਮਤ ਵਿੱਚ ਛੇ ਰਾਗ ਹਨ :—**

1. ਸਿਰੀ ਰਾਗ ਦੇ ਇਸਤਰੀ, ਪੁੱਤ, ਧੀਆਂ ਨੂੰਹਾਂ ਛੇ ਹਨ।
2. ਬਸੰਤ ਰਾਗ — — — — — —
3. ਭੈਰਵ ਰਾਗ — — — — — —
4. ਪੰਜਮ ਰਾਗ — — — — — —
5. ਮੇਘ ਰਾਗ — — — — — —
6. ਨਟ ਨਾਰਾਇਣ — — — — —

ਇਸੇ ਹੀ ਤਰ੍ਹਾਂ ਦੂਜਾ ਮਤ ਹੈ ਕਾਲੀ ਨਾਥ। ਤੀਜਾ ਪ੍ਰਸਿੱਧ ਮਤ ਹੈ ਭਰਤ ਮਤ। ਚੌਥਾ ਮਤ ਹੈ ਹਨੂਮਾਨ ਮਤ। ਪੰਜਵਾਂ ਸਿੱਧ ਸਾਰਸ਼ਤ ਮਤ। ਛੇਵਾਂ ਰਾਗਾਰਣਵ ਮਤ। ਸੱਤਵਾਂ ਹੈ ਗੁਰਮਤਿ ਸੰਗੀਤ

ਉਪਰੋਕਤ ਪ੍ਰਸਿੱਧ ਪ੍ਰਮਾਣੀਕ ਮਤਾਂ ਤੋਂ ਇਲਾਵਾ ਇਹ ਮਤ ਵੀ ਪ੍ਰਚਲਤ ਹਨ!

1. ਮੁਨੀ ਸੋਮ ਨਾਥ ਦਾ ਮਤ
2. ਮਤੰਗ ਮੁਨੀ ਦਾ ਮਤ
3. ਪਾਸਟਿਕ ਮੁਨੀ ਦਾ ਮਤ
4. ਕਸ਼ਪ ਮੁਨੀ ਦਾ ਮਤ
5. ਸਾਰੰਗ ਦੇਵ ਦਾ ਮਤ
6. ਭਾਵ ਭੱਟ ਦਾ ਮਤ
7. ਸੰਗੀਤ ਰਤਨਾਕਰ

ਇਤਿਆਦਿਕ ਪ੍ਰਚੀਨ ਸੰਗੀਤ ਦੇ ਮਤਾਂ ਵਿਚ ਗੀਤ ਅਤੇ ਰਾਗਾਂ ਦੀ ਅਨੁਕ੍ਰਮਣਿਕਾ ਹੋਰਨਾਂ ਰੀਤਾਂ ਨਾਲ ਮੰਨੀ ਹੈ। ਉਹ ਵੀ ਆਪੋ ਵਿਚ ਭੇਦ ਰੱਖਦੀਆਂ ਹਨ, ਜੇਹਾ ਕਿ ਕਿਸੇ ਨੇ ਸੰਪੂਰਨ ਖਾਡਵ ਔੜਵ ਦੀ ਰੀਤ ਨਾਲ ਸ਼੍ਰੇਣੀ ਬੱਧੀ ਹੈ। ਕਿਸੇ ਨੇ ਭਾਖਾਂਗ, ਕ੍ਰਿਧਾਰਾ, ਉਪਾਂਗ' ਦੇਸੀ ਅਤੇ ਮਾਰਗੀ ਵਿਚ ਸ਼੍ਰੇਣੀ ਰੱਖੀ ਹੈ। ਕਿਸੇ ਦੇ ਗ੍ਰਾਮ, ਰਾਗ, ਉਪਰਾਗ, ਤਾਖਾਰਾਗ, ਸ਼ੁੱਧ, ਛਾਯਾ, ਸੰਕੀਰਣ ਇਸ ਸ਼੍ਰੇਣੀ ਵਿਚ ਰਾਗ ਪੱਕੇ ਹਨ। ਇਤਿਆਦਿਕ ਬਾਹਰਲੀਆਂ ਰੀਤਾਂ ਹਨ। ਪ੍ਰੰਤੂ ਇਸਤਰੀ, ਪੁੱਤਰ, ਨੂੰਹ, ਧੀ ਆਦਿਕ ਪਰਿਵਾਰ ਨਹੀਂ ਵਰਨਣ ਕੀਤੇ।

ਰਾਗਾਂ ਦੀ ਪ੍ਰਾਚੀਨ ਜਾਣਕਾਰੀ ਹੇਠ ਲਿਖੇ ਗ੍ਰੰਥਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ :--

1. ਰਾਧਾ ਗੋਬਿੰਦ ਸਾਰ
2. ਕਾਨੂੰਨੇ ਮੌਸੀਕੀ
3. ਬੁੱਧ ਪ੍ਰਕਾਸ਼ ਦਰਪਣ
4. ਸੰਗੀਤ ਬਿਨੋਧ

ਸੋ ਰਾਗ ਕੀ ਹੈ? ਨੂੰ ਸਮਝਣ ਲਈ ਉਪ੍ਰੋਕਤ ਗ੍ਰੰਥਾਂ ਦੇ ਪੜ੍ਹਣ ਦੀ ਅਵਸ਼ ਲੋੜ ਹੈ, ਭਾਵੇਂ ਸਾਮ ਵੇਦ ਰਾਗਾਂ ਦਾ ਜਣਨ ਦਾਤਾ ਹੈ। ਪਰ ਨਾ ਰਾਗੀ ਸੰਸਕ੍ਰਿਤ ਜਾਣੇ ਤੇ ਨਾ ਸਾਮ ਦੀ ਰਚਨਾ ਤੋਂ ਗਿਆਨ ਪ੍ਰਾਪਤ ਕਰੇ। ਇਸ ਲਈ ਉਪਰੋਕਤ ਸਾਰੇ ਗ੍ਰੰਥ ਹਿੰਦੀ ਭਾਸ਼ਾ ਵਿਚ ਮਿਲ ਸਕਦੇ ਹਨ ਤੇ ਇਹਨਾਂ ਦੇ ਪਾਠ ਕ੍ਰਮ ਤੋਂ ਸਮੂਹ ਰਾਗਾਂ ਪ੍ਰਤੀ ਪੂਰਨ ਜਾਣਕਾਰੀ ਮਿਲ ਜਾਂਦੀ ਹੈ ਤੇ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਰਾਗ ਦੇ ਅਰਥ ਕੀ ਹਨ?

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 31 ਰਾਗਾਂ ਦਾ ਕੀਰਤਨ 10, 11, 12, 13, ਅਕਤੂਬਰ 1991)

# ਗੁਰਦੁਆਰਾ ਗੁਰ ਗਿਆਨ ਪ੍ਰਕਾਸ਼

ਜਵੱਦੀ ਕਲਾਂ, ਨੇੜੇ ਮਾਡਲ ਟਾਉਨ ਐਕਸਟੈਨਸ਼ਨ, ਲੁਧਿਆਣਾ (ਪੰਜਾਬ)

ਆਪ ਜੀ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਾਹਿਬ ਵਿਖੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 10, 11, 12 ਅਤੇ 13 ਅਕਤੂਬਰ 1991 ਨੂੰ ਸਰਬੱਤ ਗੁਰਮੁਖ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਹੋ ਰਿਹਾ ਹੈ ਜੀ। ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮੁੱਚੀ ਧੁਰ ਕੀ ਬਾਣੀ, ਗੁਰੂ ਮਹਾਰਾਜ ਜੀ ਆਪ ਅਤੇ ਸਰਬੱਤ ਭਗਤਾਂ ਨੇ 31 ਮੁੱਖ ਰਾਗਾਂ ਵਿਚ ਉਚਾਰਨ ਕੀਤੀ। 'ਧੰਨੁ ਸੁ ਰਾਗ ਸੁਰੰਗੜੇ ਆਲਾਪਤਿ ਸਭ ਤਿਖ ਜਾਇ ॥' ਦੇ ਮਹਾਂਵਾਕ ਅਨੁਸਾਰ ਜਦੋਂ ਸ਼ਬਦ ਅਤੇ ਰਾਗ (ਸੁਰ ਤਾਲ) ਦਾ ਸੁਮੇਲ ਹੁੰਦਾ ਹੈ ਤਾਂ ਸਤਿਗੁਰੂ ਜੀ ਦੇ ਮਹਾਂਵਾਕ 'ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ' ਅਤੇ 'ਸਬਦ ਗੁਰੂ ਸੁਰਤਿ ਧੁਨਿ ਚੇਲਾ' ਦੇ ਸਹੀ ਅਰਥ ਪ੍ਰਗਟ ਹੋ ਆਉਂਦੇ ਹਨ ਅਤੇ ਤਨ ਮਨ ਦੇ ਸਭ ਕਲੇਸ਼ਾਂ ਤੋਂ ਮੁਕਤ ਹੋ ਰੂਹ ਪਰਮ ਗਤੀ ਨੂੰ ਪ੍ਰਾਪਤ ਹੁੰਦੀ ਹੈ।

ਸਾਰੀ ਧੁਰ ਕੀ ਬਾਣੀ, ਪਰਮੇਸ਼ਰ ਜੀ ਦੀ ਸੱਦ, ਜੋ ਭਗਤਾਂ ਅਤੇ ਗੁਰੂ ਸਾਹਿਬਾਨ ਜੀ ਦੇ ਰਾਹੀਂ ਸਮੁੱਚੀ ਮਾਨਵਤਾ ਦੇ ਕਲਿਆਣ ਹਿੱਤ ਆਈ। ਸੰਗੀਤਾਤਮਕ ਹੋਣ ਕਰਕੇ ਸਾਰੀ ਬਾਣੀ ਨੂੰ ਰਾਗਾਂ ਦਾ ਤਿਲਕ ਲੱਗਾ ਹੋਇਆ ਹੈ। ਪਹਿਲਾਂ ਰਾਗ, ਫਿਰ ਮਹੱਲਾ ਅਤੇ ਫਿਰ ਬਾਣੀ ਉਚਾਰੀ ਗਈ। ਇਸ ਤੋਂ ਇਹ ਸਿੱਧ ਹੋਇਆ ਪਰਮੇਸਰ ਦੀ ਆਪਣੀ ਪਸੰਦ ਵੀ ਸੰਗੀਤ ਅਤੇ ਸ਼ਬਦ ਹੀ ਹੈ। ਜਦੋਂ ਗੁਰਬਾਣੀ ਨੂੰ ਭਗਤਾਂ ਅਤੇ ਸਤਿਗੁਰੂ ਸਾਹਿਬਾਨ ਜੀ ਨੇ ਗਾਇਆ ਤਾਂ ਕੌਡੇ ਰਾਖਸ਼, ਸੱਜਣ ਠੱਗ ਵਰਗੇ ਜ਼ਾਲਮ ਹਿਰਦੇ ਭੀ ਸਾਧੂ ਹੋ ਕੇ ਸਮਾਜ ਲਈ

ਸੁੱਖ ਦਾ ਸਾਧਨ ਬਣੇ। ਸੋ ਉਸੇ ਜਾਦੂ ਮਈ ਅਸਰ ਨੂੰ ਮੁੜ ਪ੍ਰਗਟ ਕਰਨ ਲਈ ਹੀ ਸ੍ਰੀ ਅਕਾਲ ਪੁਰਖ ਵਾਹਿਗੁਰੂ, ਸਤਿਗੁਰੂ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਹੁਕਮ ਅਤੇ ਸਰਬੱਤ ਗੁਰਸਿਖ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਇਤਿਹਾਸ ਵਿਚ ਪਹਿਲੀ ਵਾਰੀ ਸਾਰੇ 31 ਰਾਗਾਂ ਦਾ ਗਾਇਨ ਪੰਥ ਦੇ ਪ੍ਰਸਿੱਧ ਵਿਦਵਾਨ ਰਾਗੀ ਸਿੰਘਾਂ ਪਾਸੋਂ ਕਰਵਾਇਆ ਜਾ ਰਿਹਾ ਹੈ। ਜਿਸ ਦੀ ਆਡੀਓ ਅਤੇ ਵੀਡੀਓ ਰਿਕਾਰਡਿੰਗ ਕਰਕੇ ਗੁਰਮਤਿ ਸੰਗੀਤ ਰੈਫਰੈਂਸ ਲਾਇਬਰੇਰੀ ਕਾਇਮ ਕੀਤੀ ਜਾਵੇਗੀ।

ਪੁਰਾਤਨ ਕੀਰਤਨ ਪਰੰਪਰਾ ਨੂੰ ਮੁੜ ਪ੍ਰਚਾਰਨ ਅਤੇ ਪ੍ਰਸਾਰਨ ਲਈ ਗੁਰਮਤਿ ਸੰਗੀਤ ਅਕੈਡਮੀ, ਗੁਰਬਾਣੀ ਅਤੇ ਗੁਰਮਤਿ ਦੀ ਹਰ ਪ੍ਰਕਾਰ ਦੀ ਸੋਝੀ ਲਈ ਗੁਰਮਤਿ ਵਿਦਿਆਲਾ ਆਦਿ ਉੱਚ ਪੱਧਰ ਤੇ ਬਨਾਉਣ ਲਈ ਕਮਰ ਕਸੇ ਕੀਤੇ ਹਨ। ਅਜਿਹੇ ਪੰਥਕ ਕਾਰਜ ਆਪ ਸਭ ਦੇ ਸਹਿਯੋਗ ਨਾਲ ਹੀ ਸਿਰੇ ਚੜ੍ਹਨੇ ਹਨ। ਆਪ ਨੂੰ ਇਸ ਸੰਮੇਲਨ ਵਿਚ ਤਨ, ਮਨ, ਧਨ ਨਾਲ ਸਹਿਯੋਗ ਦੇਣ ਅਤੇ ਚਾਰੇ ਦਿਨ ਹਾਜ਼ਰੀਆਂ ਭਰਨ ਲਈ ਸਰਬੱਤ ਸੰਗਤਾਂ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਜੀ! ਆਪਣੇ ਇਲਾਕੇ ਦੀਆਂ ਸਰਬੱਤ ਸੰਗਤਾਂ ਨੂੰ ਸਮਾਗਮ ਵਿਚ ਸ਼ਾਮਲ ਹੋਣ ਲਈ ਪ੍ਰੇਰਨਾ ਦਿਓ ਜੀ ਤਾਂ ਕਿ ਹਰੀ ਜਸ ਕਰ ਸੁਣ ਕੇ ਲਾਹੇ ਪ੍ਰਾਪਤ ਹੋਣ ਅਤੇ ਗੁਰੂ ਪੰਥ ਦੀ ਸਦਾ ਚੜ੍ਹਦੀ ਕਲਾ ਹੋਵੇ।

ਵੈਰ ਵਿਰੋਧ ਮਿਟਹਿ ਸਭ ਤਨ ਤੇ ॥
ਹਰਿ ਕੀਰਤਨ ਗੁਰਮੁਖਿ ਜੋ ਸੁਨਤੇ ॥

ਗੁਰੂ ਪੰਥ ਦੀ ਸਦਾ ਹੀ ਚੜ੍ਹਦੀ ਕਲਾ ਦਾ ਜਾਚਕ

ਗੁਰੂ ਪੰਥ ਦਾ ਦਾਸਨ ਦਾਸ :
ਸੁੱਚਾ ਸਿੰਘ

# ਕੀਰਤਨ

ਕੀਰਤਨ ਉਸ ਗਾਇਨ ਨੂੰ ਕਹਿੰਦੇ ਹਨ, ਜਿਸ ਵਿਚ ਵਾਹਿਗੁਰੂ ਦੀ ਕੀਰਤੀ ਕੀਤੀ ਜਾਵੇ। ਇਹ ਸਿੱਖ ਧਰਮ ਦੀ ਭਗਤੀ ਦਾ ਇਕ ਖਾਸ ਅੰਗ ਹੈ। ਗੁਰਬਾਣੀ ਅਤੇ ਰਾਗ ਨੂੰ ਸੁਰ-ਤਾਲ ਜਾਂ ਕਿਸੇ ਸਿੱਧੀ ਧਾਰਨਾ ਵਿਚ ਗਾਉਣ ਤੇ ਨਿਰੰਕਾਰ ਦਾ ਜੱਸ ਕਰਨਾ ਕੀਰਤਨ ਹੈ। ਸਤਿਗੁਰੂ ਜੀ ਨੇ ਫੁਰਮਾਇਆ ਹੈ :—

ਕੀਰਤਨ ਨਿਰਮੋਲਕ ਹੀਰਾ ॥ (੮੯੩)

ਆਤਮਿਕ ਸ਼ਾਂਤੀ ਲਈ ਇਹ ਬਹੁਤ ਸੋਹਣਾ ਸਾਧਨ ਹੈ, ਬਹੁਮੁਲੀ ਵਸਤੂ ਹੈ। ਸਿੱਖ ਧਰਮ ਦੇ ਲਗਪਗ ਸਾਰੇ ਸੰਸਕਾਰਾਂ ਵਿਚ ਕੀਰਤਨ ਦਾ ਭਾਗ ਹੁੰਦਾ ਹੈ। ਸਾਰੇ ਕਰਮਾਂ ਵਿਚੋਂ ਇਸ ਨੂੰ ਮੁਖ ਕਰਮ ਮੰਨਿਆ ਹੈ—

ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ ॥

ਪੰਚਮ ਪਾਤਸ਼ਾਹ ਫਰਮਾਉਂਦੇ ਹਨ—

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ॥
ਅਨਿਕ ਬਾਰ ਕਰਿ ਬੰਦਨ ਸੰਤਨ
ਉਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥ ੧੨੯੮) (ਕਾਨੜਾ ਮ: ੫)

ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਿੱਖ ਸੰਗਤ ਦੀ ਮਰਯਾਦਾ ਇਉਂ ਲਿਖੀ ਹੈ—

੧) ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ ॥

੨) ਕੁਰਬਾਣੀ ਤਿਨਾ ਗੁਰ ਸਿਖਾ ਗੁਰਬਾਣੀ ਨਿਤਿ ਗਾਇ ਸੁਣੰਦੇ ॥

ਇਨ੍ਹਾਂ ਸਾਰੇ ਵਾਕਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕੀਰਤਨ ਸਿੱਖ ਧਰਮ ਦੀ ਭਗਤੀ ਤੇ ਪੂਜਾ ਦਾ ਇਕ ਖਾਸ ਅੰਗ ਹੈ। ਸਤਿਗੁਰਾਂ ਨੇ ਸਾਰੀ ਬਾਣੀ ੩੧ ਰਾਗਾਂ ਵਿਚ ਉਚਾਰਨ ਕੀਤੀ ਹੈ।

ਰਾਗ ਕੀ ਹੈ ? ਸੁਰ ਨੂੰ ਇਕ ਖਾਸ ਢੰਗ ਨਾਲ ਹਰਕਤ ਵਿਚ ਲਿਆਉਣਾ। ਜੇਕਰ ਸੁਰ ਵਿਚ ਵਿਉਂਤ ਤੇ ਇਕਸਾਰਤਾ ਨਾ ਹੋਵੇ ਤਾਂ ਉਹ ਰਾਗ ਨਹੀਂ ਹੋਵੇਗਾ, ਬਲਕਿ ਰੌਲਾ ਗੌਲਾ ਹੋਵੇਗਾ। ਰਾਗ ਕੇਵਲ ਸੁਰ ਤੇ ਹਵਾ ਨੂੰ ਬੰਨ੍ਹਣ ਦਾ ਨਾਂ ਹੈ, ਜਿਸ ਨੂੰ ਸੁਣ ਕੇ ਚਿਤ ਪ੍ਰਸੰਨ ਅਤੇ ਪ੍ਰੀਤੀ ਉਤਪੰਨ ਹੋਵੇ। ਹਿੰਦੀ ਵਿਚ 'ਰਾਗ' ਦੇ ਅਰਥ ਹੀ 'ਪ੍ਰੀਤੀ' ਹਨ। ਰਾਗ ਨੂੰ ਆਤਮਾ ਦੀ ਖੁਰਾਕ ਕਿਹਾ ਗਿਆ ਹੈ। ਇਸ ਦਾ ਅਸਰ ਕੇਵਲ ਮਨੁੱਖਾਂ ਤੇ ਹੀ ਨਹੀਂ ਹੁੰਦਾ ਬਲਕਿ ਪਸ਼ੂਆਂ ਪੰਛੀਆਂ ਤੇ ਵੀ ਹੁੰਦਾ ਹੈ। ਘੰਡੇਹੇੜੇ ਦਾ ਸ਼ਬਦ ਸੁਣ ਕੇ ਹਰਨ ਫਸ ਜਾਂਦਾ ਹੈ। ਬੀਨ ਸੁਣ ਕੇ ਜ਼ਹਿਰੀ ਸੱਪ ਸਿਰ ਸੁੱਟ ਦੇਂਦਾ ਹੈ। ਪਿਆਨੋ ਸੁਣ ਕੇ ਗਊਆਂ ਦੁੱਧ ਵਧੇਰੇ ਦਿੰਦੀਆਂ ਹਨ। ਬੱਚੇ ਦੇ ਸਾਹਮਣੇ ਸਾਜ ਵਜਾਓ, ਪੰਘੂੜੇ

ਚ ਪਿਆ ਉਛਲਦਾ ਹੈ। ਇਤਨੇ ਕੋਮਲ ਅਤੇ ਪ੍ਰਭਾਵਸ਼ਾਲੀ ਹੁਨਰ ਦੀ ਗਲਤ ਵਰਤੋਂ ਤ ਨੂੰ ਬਹੁਤ ਨੀਵਿਆਂ ਕਰ ਦਿੰਦੀ ਹੈ। ਸੁਚੱਜੀ ਵਰਤੋਂ ਸੁਰਤ ਨੂੰ ਉਚਿਆਂ ਕਰਦੀ ਹੈ।

ਰਾਗ ਦੀਆਂ ਸਤ ਸੁਰਾਂ, ਸਾ, ਰੇ, ਗਾ, ਮਾ, ਪਾ, ਧਾ, ਨੀ ਕਾਇਮ ਕੀਤੀਆਂ। ਗੀਤ ਸ਼ਾਸਤ੍ਰ ਵਿਚ ਛੇ ਰਾਗ ਸ਼੍ਰੋਮਣੀ ਮੰਨੇ ਗਏ—ਸ੍ਰੀ ਰਾਗ, ਭੈਰਵ, ਮੇਘ, ਦੀਪਕ, ਲਕੌਂਸ ਅਤੇ ਹਿੰਡੋਲ। ਇਨ੍ਹਾਂ ਤੋਂ ਬਿਨ੍ਹਾਂ ਕਈ ਰਾਗ ਅਤੇ ਰਾਗਣੀਆਂ ਕਲਪਤ ਤੀਆਂ। ਰਾਗਾਂ ਦੇ ਵੱਖ ਵੱਖ ਪ੍ਰਭਾਵ ਮੰਨੇ ਗਏ ਹਨ। ਸ੍ਰੀ ਰਾਗ ਸੰਬੰਧੀ ਮੰਨਿਆ ਗਿਆ ਇਹ ਸਰੋਤੇ ਦੇ ਮਨ ਉਤੇ ਢਲਦੇ ਦਿਨ ਦੀ ਖਾਮੋਸ਼ੀ ਤੇ ਖਿਆਲਾਂ ਨੂੰ ਇਕ ਖਾਸ ਰਸ ਚ ਭਰ ਦੇਂਦਾ ਹੈ। ਭੈਰਵ ਮਨ ਉਤੇ ਪ੍ਰਭਾਤ ਸਮੇਂ ਪੰਛੀਆਂ ਦੇ ਬੋਲਣ ਵਾਯੂ ਦੀ ਗੰਧੀ, ਤਰੇਲ ਦੀ ਠੰਡਕ, ਊਸ਼ਾ ਤੇ ਅੰਮ੍ਰਿਤ ਵੇਲੇ ਦੇ ਦ੍ਰਿਸ਼ਯ ਦਾ ਅਸਰ ਪੈਦਾ ਕਰਦਾ । ਮੇਘ ਬਾਰਸ਼ ਦੇ ਆਉਣ ਤੇ ਬਿਜਲੀ ਦਾ ਰੰਗ ਬੰਨ੍ਹ ਦੇਂਦਾ ਹੈ। ਦੀਪਕ ਸਰੀਰ ਵਿਚ ਪਸ ਤੇ ਵਾਯੂ ਮੰਡਲ ਵਿਚ ਗਰਮੀ ਪੈਦਾ ਕਰਨ ਵਾਲਾ ਰਾਗ ਮੰਨਿਆ ਗਿਆ ਹੈ। ਲਕੌਂਸ ਦਾ ਕੰਮ ਜੋਸ਼ ਵਲਵਲਾ ਤੇ ਨਰਮ ਜਿਹੀ ਉਕਸਾਹਟ ਪੈਦਾ ਕਰਨਾ ਮੰਨਿਆ ਗਿਆ ਹੈ। ਹਿੰਡੋਲ ਦੇ ਗਾਉਣ ਨਾਲ ਬਸੰਤ ਦਾ ਖੇੜਾ ਤੇ ਖੁਸ਼ੀ ਆਉਂਦੀ ਹੈ। ਇਹ ਰਾਗ ਸ਼ਹਿਦ ਦੀ ਤਰ੍ਹਾਂ ਮਿੱਠਾ ਮੰਨਿਆ ਗਿਆ ਹੈ।

ਗੁਰੂ ਸਾਹਿਬ ਦੇ ਵਕਤ ਰਾਗ ਦੀ ਵਰਤੋਂ ਨੀਵੀਂ ਹੋਣ ਲੱਗ ਪਈ ਸੀ। ਧਰਮ ਵਿਚ ਵੀ ਨੀਵੀਂ ਹੋ ਗਈ। ਸੰਗੀਤ ਸਮਾਜ ਵਿਚ ਕੰਜਰਾਂ ਕੋਲ ਚਲਾ ਗਿਆ ਸੀ। ਸ਼ਾਹੀ ਦਰਬਾਰਾਂ ਵਿਚ, ਖਾਨਗਾਹਾਂ ਤੇ ਮਕਬਰਿਆਂ ਉਤੇ ਨਾਚ ਮੁਜਰੇ ਹੁੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਰੌ ਨੂੰ ਈਸਵਰ ਭਗਤੀ ਦੇ ਰੂਪ ਵਿਚ ਬਦਲਣ ਦਾ ਜਤਨ ਕੀਤਾ। ਆਪ ਜਦ ਪਹਿਲੀ ਉਦਾਸੀ ਕਰਨ ਲਈ ਸੁਲਤਾਨ ਪੁਰੋਂ ਤਿਆਰ ਹੋਏ ਤਾਂ ਫਿਰੰਦੇ ਪਾਸੋਂ ਰਬਾਬ ਮੰਗਵਾਇਆ ਜੋ ਮਰਦਾਨੇ ਨੂੰ ਦਿੱਤਾ ਤੇ ਉਸ ਨੂੰ ਸਾਥੀ ਬਣਾ ਕੇ 'ਸਤਿ ਕਰਤਾਰ' 'ਧੰਨ ਨਿਰੰਕਾਰ' ਅਤੇ ਗੁਰਬਾਣੀ ਦਾ ਪਵਿੱਤਰ ਸੰਦੇਸ਼ ਕੀਰਤਨ ਰਾਹੀਂ ਦੇਣਾ ਸ਼ੁਰੂ ਕੀਤਾ।

ਗੁਰੂ ਜੀ ਨੇ ਪੰਜਾਬ ਦੀਆਂ ਬਾਰਾਂ, ਦਰਿਆਵਾਂ ਦੇ ਕੰਢਿਆਂ, ਜੰਗਲਾਂ ਬੀਆਂ ਬਾਨਾਂ ਮਾਰੂ ਥਲਾਂ, ਕੰਦਰਾਂ ਪਹਾੜਾਂ ਹਿੰਦੁਸਤਾਨ ਦੇ ਤੀਰਥਾਂ, ਅਰਬ, ਈਰਾਨ, ਕਾਬਲ, ਤਿੱਬਤ, ਸਿਕਮ, ਭੁਟਾਨ ਆਦਿਕ ਦੇਸ਼ਾਂ ਵਿਚ ਕੀਰਤਨ ਨਾਲ ਲੋਕਾਂ ਨੂੰ ਮੋਹ ਲਿਆ। ਸੱਜਨ ਠੱਗ ਕੌਡੇ ਰਾਖਸ਼, ਨੂਰ ਸ਼ਾਹ ਜਾਦੂਗਰਨੀ, ਹਮਜ਼ਾ ਗੌਂਸ ਤੇ ਵਲੀ ਕੰਧਾਰੀ ਵਰਗੇ ਕਠੋਰ ਚਿਤਾਂ ਨੂੰ ਕੀਰਤਨ ਨਾਲ ਮੋਮ ਕਰ ਦਿੱਤਾ। ਆਪਣੇ ਆਪ ਨੂੰ ਕਿਹਾ—'ਹਉ ਢਾਡੀ ਵੇਕਾਰੁ ਕਾਰੈ ਲਾਇਆ।' ਮਰਦਾਨੇ ਪਾਸੋਂ ਕੀਰਤਨ ਸੁਣ ਕੇ ਹੀ ਗੁਰਦੇਵ ਨੇ ਉਸ ਨੂੰ 'ਭਾਈ ਮਰਦਾਨੇ' ਦੀ ਪਦਵੀ ਦਿੱਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਗੁਰੂ ਦਰਬਾਰ ਵਿਚ ਭਾਈ ਸਾਦੂ ਤੇ ਬਾਦੂ ਕੀਰਤਨ ਕਰਦੇ ਸਨ। ਤੀਸਰੀ ਪਾਤਸ਼ਾਹੀ ਕੀਰਤਨ ਦੇ ਬੜੇ ਰਸੀਏ ਸਨ। ਆਪ ਨੇ ਬਾਣੀ ਵੀ ਰਾਗ ਵਿਚ ਉਚਾਰਣ ਕੀਤੀ ਤੇ ਸਿਰੰਦਾ ਬਣਾਇਆ। ਚੌਥੀ ਪਾਤਸ਼ਾਹੀ ਦੇ

ਸਮੇਂ ਵੀ ਕੀਰਤਨ ਹੁੰਦਾ ਸੀ। ਇਤਿਹਾਸ ਵਿਚ ਲਿਖਿਆ ਹੈ ਕਿ ਇਕ ਦਿਨ ਇਕ ਜੋਗੀ ਸ੍ਰੀ ਗੁਰੂ ਰਾਮ ਦਾਸ ਜੀ ਦੇ ਪਾਸ ਆਇਆ। ਸੰਗਤ ਸਾਵਧਾਨ ਹੋ ਕੇ ਕੀਰਤਨ ਸੁਣ ਰਹੀ ਸੀ। ਸਾਰਿਆਂ ਦੀ ਸੁਰਤ ਵਾਹਿਗੁਰੂ ਦੇ ਚਰਨਾਂ ਵਿਚ ਜੁੜੀ ਹੋਈ ਸੀ। 'ਸਹਿਜਯੋਗ' ਦੀ ਅਵਸਥਾ ਸੀ ਸਿੱਖ ਰਸਨਾਂ ਨਾਲ ਬਾਣੀ ਪੜ੍ਹਦੇ ਸਨ, ਨੇਤਰਾਂ ਨਾਲ ਸਤਿਗੁਰੂ ਦੇ ਦਰਸ਼ਨ ਕਰਦੇ ਗਦਗਦ ਹੋ ਰਹੇ ਸਨ। ਕੰਨਾਂ ਨਾਲ ਕੀਰਤਨ ਸੁਣਦੇ ਸਨ। ਮਨ ਕਰਕੇ ਸ਼ਬਦ ਵਿਚ ਜੁੜੇ ਹੋਏ ਸਨ। ਇਹ ਵੇਖ ਕੇ ਜੋਗੀ ਨੇ ਪ੍ਰਸ਼ਨ ਕੀਤਾ—'ਮਹਾਰਾਜ! ਆਪ ਦੇ ਦਰਬਾਰ ਵਿਚ ਕੋਈ ਸਿੱਖ ਯੋਗ ਅਭਿਆਸ ਨਹੀਂ ਕਰ ਰਿਹਾ। ਯੋਗ ਗਿਆਨ ਇੰਦਰੀਆਂ ਨੂੰ ਰੋਕ ਕੇ ਮਨ ਨੂੰ ਅਸਥਿਰ ਕਰਦਾ ਹੈ। ਇਸ ਤੋਂ ਬਿਨਾਂ ਮਨ ਨਹੀਂ ਟਿਕ ਸਕਦਾ। ਮਨ ਨਾ ਟਿਕੇ ਤਾਂ ਆਤਮਾ ਦਾ ਗਿਆਨ ਨਹੀਂ ਹੁੰਦਾ। ਗਿਆਨ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ। ਦੱਸੋ, ਇਨ੍ਹਾਂ ਸਿੱਖਾਂ ਦੀ ਕਲਿਆਣ ਕਿਵੇਂ ਹੋਵੇਗੀ?'

ਗੁਰੂ ਜੀ ਨੇ ਜੋਗੀ ਨੂੰ ਉਤਰ ਦਿੱਤਾ -

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥ ਗੁਰਮਤਿ ਹਰਿ
ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥ (੩੬੮)

ਭਾਵ ਹੇ ਜੋਗੀ, ਤੂੰ ਹੱਥਾਂ ਨਾਲ ਜੋ ਕਿੰਗਰੀ ਜਾਂ ਬੀਨਾਂ ਵਜਾਂਦਾ ਹੈਂ ਇਹ ਥੋਥੀ ਹੈ। ਤੂੰ ਵਾਹਿਗੁਰੂ ਦੇ ਗੁਣਾਂ ਵਿਚ ਆਪਣਾ ਮਨ ਜੋੜ ਤਾਂ ਕਿ ਤੈਨੂੰ ਸੱਚਾ ਸੁੱਖ ਪ੍ਰਾਪਤ ਹੋਵੇ।

ਮਿਟ ਚੁੱਕੇ ਜੋਗ ਮਤ ਦੇ ਖਿਆਲਾਂ ਨੂੰ ਨਵਾਂ ਲੇਬਲ ਲਾ ਕੇ ਅਜ ਕਲ ਰਾਧਾ ਸੁਆਮੀ ਮਤ ਦੇ ਆਦਮੀ ਕਹਿੰਦੇ ਹਨ —'ਬਾਹਰਲੇ ਕੀਰਤਨ ਵਿਚ ਕੀ ਪਿਆ ਹੈ? ਤ੍ਰਿਕੁਟੀ, ਦਸਮ ਦੁਆਰ ਜਾਂ ਨਿਜ ਧਾਮ ਵਿਚ ਸੁਰਤ ਨੂੰ ਟਿਕਾਣਾ ਚਾਹੀਦਾ ਹੈ। ਇਹਨਾਂ ਥਾਵਾਂ ਉਤੇ ਮਿਰਦੰਗ, ਸਾਰੰਗੀ, ਬੰਸਰੀ, ਸੰਖ ਬਦਲਾਂ ਦੀ ਘਨਘੋਰ ਦੇ ਸ਼ਬਦ ਸੁਣੀਂਦੇ ਹਨ, ਇਹ ਸੁਣਨੇ ਚਾਹੀਦੇ ਹਨ। ਇਹ ਮਨ ਦੇ ਟਿਕਾਉ ਦਾ ਇਕ ਸਾਧਨ ਹੈ। ਇਹ ਅਭਿਆਸ ਇਸ ਲਈ ਗਲਤ ਹੈ ਕਿ ਇਸ ਨੂੰ ਜੋਗੀ ਕਰਕੇ ਇਸ ਵਿਚ ਬੁਰੀ ਤਰ੍ਹਾਂ ਫੇਹਲ ਹੋਏ ਸਨ। ਅਨਹਦ ਸ਼ਬਦ ਸੁਣਨ ਤੇ ਤਾਲੂ ਵਿਚ ਅੰਮ੍ਰਿਤ ਚੁਆਣ ਵਾਲੇ ਕਿੰਗਰੀ ਤੇ ਬੀਨਾ ਵਜਾਣ ਲੱਗ ਪਏ, ਮੜ੍ਹੀਆਂ ਵਿਚ ਜਾ ਬੈਠੇ, ਝੂਠੀ ਮਸਤੀ ਲਈ ਸ਼ਰਾਬ ਪੀਣ ਲੱਗ ਪਏ, ਫਰਜ਼ ਕਰੋ ਅੰਦਰ ਕੋਈ ਅਵਾਜ਼ਾਂ ਸੁਣੀਦੀਆਂ ਹਨ ਤਾਂ ਉਹਨਾਂ ਨੂੰ ਸੁਣਨ ਦਾ ਲਾਭ ਕੀ? ਮਿਰਦੰਗ, ਬੀਣਾਂ ਜਾਂ ਬੰਸਰੀ ਦੀਆਂ ਆਵਾਜ਼ਾਂ ਉਤੇ ਸੁਰਤ ਲਗਾਤਾਰ ਨਹੀਂ ਟਿਕ ਸਕਦੀ। ਸਾਜਾਂ ਦੀ ਆਵਾਜ਼ ਵਿਚ ਰਸ ਤਾਂ ਹੁੰਦਾ ਹੈ ਪਰ ਹੁੰਦਾ ਬੇਮਾਇਨੇ ਹੈ। ਜੇ ਸਰੀਰ ਨੂੰ ਕਸ਼ਟ ਦੇ ਕੇ ਅੰਦਰ ਸਾਜ਼ ਸੁਣਨੇ ਹਨ ਤਾਂ ਬਾਹਰ ਵਜਾ ਕੇ ਸੁਣੇ ਜਾ ਸਕਦੇ ਹਨ? ਗੁਰੂ ਸਾਹਿਬ ਨੇ ਕੀਰਤਨ ਦੀ ਮਰਯਾਦਾ ਇਸ ਲਈ ਕਾਇਮ ਕੀਤੀ ਕਿ ਰਾਗ ਜਾਂ ਸਾਜ਼ਾਂ ਦੀ ਸੁਰ ਨਾਲ ਆਕਰਖਤ ਹੋਵੇ, ਫਿਰ ਬਾਣੀ ਨਾਲ ਮਿਲਾ ਕੇ ਪੜ੍ਹਨ ਨਾਲ ਅਰਥਾਂ ਤੇ ਉਚ ਭਾਵਾਂ ਦੇ ਮਗਰ ਜਾ ਕੇ ਵਾਹਿਗੁਰੂ ਵਿਚ ਲੀਨ ਹੋਵੇ। ਇਸ ਲਈ ਹਠ ਜੋਗ ਜਾਂ ਕਠਨ ਸਾਧਨਾਂ ਦੀ ਥਾਂ ਕੀਰਤਨ ਰੱਖਿਆ ਹੈ।

ਪੰਚਮ ਪਾਤਸ਼ਾਹ ਅਦਭੁਤ ਰਾਗੀ ਸਨ। ਆਪ ਨੇ ਬਾਣੀ ਰਾਗ ਵਿਚ ਲਿਖੀ ਹੈ! ਸਤਾ)ਬਲਵੰਡ ਆਪ ਦੇ ਦਰਬਾਰ ਵਿਚ ਕੀਰਤਨ ਕਰਦੇ ਸਨ। ਇਕ ਦਿਨ ਇਹਨਾਂ ਘਰੋਗੀ ਖਰਚ ਲਈ ਚੜ੍ਹਤ ਦੀ ਮਾਇਆ ਮੰਗੀ। ਮਹਾਰਾਜ ਨੇ ਦੇਣੀ ਪ੍ਰਵਾਨ ਕਰ ਲਈ। ਅਚਾ-ਨਕ ਉਸ ਦਿਨ ਮਾਇਆ ਥੋਹੜੀ ਚੜ੍ਹੀ। ਸਤਾ-ਬਲਵੰਡ ਗੁਸੇ ਹੋ ਕੇ ਗੁਰੂ ਦਰਬਾਰ ਵਿਚ ਕੀਰਤਨ ਕਰਨ ਨਾ ਆਏ। ਪੰਚਮ ਪਾਤਸ਼ਾਹ ਆਪ ਉਹਨਾਂ ਦੇ ਘਰ ਚਲ ਕੇ ਗਏ। ਹਜ਼ੂਰ ਨੇ ਉਹਨਾਂ ਨੂੰ ਕਿਹਾ 'ਚਲੋ ਚੱਲ ਕੇ ਕੀਰਤਨ ਕਰੋ,' ਪਰ ਸਤੇ ਬਲਵੰਡ ਨੇ ਇਕ ਨਾ ਮੰਨੀ। ਸਗੋਂ ਗੁਰੂ ਘਰ ਦੀ ਨਿੰਦਾ ਕਰਨ ਲੱਗ ਪਏ। ਪੰਚਮ ਪਾਤਸ਼ਾਹ ਵਾਪਸ ਆ ਗਏ। ਹਜ਼ੂਰ ਨੇ ਸਿੱਖਾਂ ਨੂੰ ਸਾਜ਼ ਦੇ ਕੇ ਕੀਰਤਨ ਕਰਨ ਦਾ ਹੁਕਮ ਦਿੱਤਾ ਅਤੇ ਸਿਰੰਦਾ ਲੈ ਕੇ ਆਪ ਕੀਰਤਨ ਕਰਨ ਲੱਗ ਪਏ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਵਿਚ ਚਾਰ ਚੌਂਕੀਆਂ ਕਾਇਮ ਕੀਤੀਆਂ ਉਹ ਹਨ (੧) ਅੰਮ੍ਰਿਤ ਵੇਲੇ ਆਸਾ ਦੀ ਵਾਰ (੨) ਸਵਾ ਪਹਿਰ ਦਿਨ ਚੜ੍ਹੇ ਚਰਨ ਕੰਵਲ ਦੀ, ਇਸ ਨੂੰ ਬਿਲਾਵਲ ਦੀ ਚੌਂਕੀ ਵੀ ਕਹਿੰਦੇ ਹਨ। (੩) ਸ਼ਾਮ ਨੂੰ ਸੋਦਰ ਦੀ (੪) ਚਾਰ ਘੜੀ ਰਾਤ ਗਏ ਕਲਿਆਣ ਦੀ ਚੌਂਕੀ। ਇਨ੍ਹਾਂ ਤੋਂ ਬਿਨਾਂ ਸ੍ਰੀ ਅੰਮ੍ਰਿਤਸਰ ਵਿਚ ਸ਼ਾਮ ਨੂੰ ਹੋਰ ਵੀ ਚੌਂਕੀਆਂ ਚੜ੍ਹਦੀਆਂ ਹਨ, ਜਿਨ੍ਹਾਂ ਵਿਚ ਪ੍ਰੇਮੀ ਸਿੰਘ ਪੁਰਾਤਨ ਰੀਤਾਂ ਨਾਲ ਪ੍ਰੇਮ ਭਰੇ ਸ਼ਬਦ ਪੜ੍ਹਦੇ ਹਨ। ਇਹ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਛੇਵੇਂ ਪਾਤਸ਼ਾਹ ਦੇ ਕਿਲਾ ਗਵਾਲੀਅਰ ਵਿਚ ਨਜ਼ਰਬੰਦ ਹੋਣ ਸਮੇਂ ਜਾਰੀ ਕੀਤੀਆਂ ਸਨ। ਉਸ ਸਮੇਂ ਦੀ ਯਾਦਗਰ ਅਜੇ ਤੀਕ ਕਾਇਮ ਹੈ। ਅਰਦਾਸ ਵਿਚ ਵੀ ਕੀਰਤਨ ਦੀਆਂ ਚੌਂਕੀਆਂ ਨੂੰ ਯਾਦ ਕੀਤਾ ਜਾਂਦਾ ਹੈ। ਛੇਵੇਂ ਪਾਤਸ਼ਾਹ ਨੇ ਕੀਰਤਨ ਵਿਚ ਬੀਰ ਰਸ ਪੈਦਾ ਕਰਨ ਲਈ ਢੱਡ ਸਾਰੰਗੀ ਨੂੰ ਪ੍ਰਚਲਤ ਕੀਤਾ ਹੈ।

ਸਤਵੇਂ ਪਾਤਸ਼ਾਹ ਕੀਰਤਨ ਦਾ ਕਿੰਨਾ ਸਤਿਕਾਰ ਕਰਦੇ ਸਨ ਇਸ ਗੱਲ ਦੀ ਸਮਝ ਇਸ ਸਾਖੀ ਤੋਂ ਪਤਾ ਲੱਗਦੀ ਹੈ। ਇਕ ਸਮੇਂ ਸ਼ਬਦ ਕੀਰਤਨ ਕਰਦੇ ਹੋਏ ਰਾਤ ਨੂੰ ਸੰਗਤ ਆਈ ਤੇ ਜਿਥੇ ਗੁਰੂ ਜੀ ਬਿਰਾਜ ਰਹੇ ਸਨ ਉਥੇ ਹੇਠਾਂ ਆ ਉੱਚੀ-ਉੱਚੀ ਸ਼ਬਦ ਪੜ੍ਹਨ ਲੱਗ ਪਈ। ਗੁਰੂ ਜੀ ਦੀ ਜਾਗ ਖੱਲ੍ਹੀ, ਉਸ ਸਮੇਂ ਮੰਜਾ ਤਿਆਗ ਉੱਠ ਖੜ੍ਹੇ ਹੋਏ। ਐਸੀ ਕਰਣੀ ਵਿਚ ਮੰਜੀ ਦੀ ਬਾਹੀ ਨਾਲ ਚੋਟ ਲੱਗ ਗਈ। ਲੱਗੀ ਚੋਟ ਨਾਲ ਹੀ ਹੇਠਾਂ ਅਏ। ਸੰਗਤਾਂ ਦੇ ਦਰਸ਼ਨ ਕੀਤੇ। ਲੱਗੀ ਹੋਈ ਚੋਟ ਇਕ ਸਿੱਖ ਨੇ ਦੇਖੀ ਤੇ ਪੁੱਛ ਹੀ ਬੈਠਾ ਕਿ ਸ਼ਬਦ ਵੀ ਤੁਹਾਡੇ ਹਨ, ਬਾਣੀ ਵੀ ਤੁਹਾਡੀ ਹੈ, ਗ੍ਰੰਥ ਵੀ ਆਪ ਜੀ ਦਾ, ਫਿਰ ਇਤਨੀ ਸੀਘਰਤਾ ਦੀ ਕੀ ਲੋੜ ਸੀ? ਗੁਰੂ ਮਹਾਰਾਜ ਨੇ ਕਿਹਾ, "ਤੁਸੀਂ ਠੀਕ ਕਹਿ ਰਹੇ ਹੋ ਪਰ ਇਹ ਸਦਾ ਯਾਦ ਰੱਖਣਾ ਕਿ ਇਹ ਅਨਭੈ ਬਾਣੀ ਹੈ। ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿਚ ਹੈ। ਇਸ ਦਾ ਅਦਬ ਕਰਨਾ ਅਤਿ ਜਰੂਰੀ ਹੈ। ਸੰਸਾਰ ਜੋ ਅੱਗ ਦਾ ਸਮੁੰਦਰ ਹੈ, ਪਾਰ ਕਰਨ ਲਈ ਇਹ ਬੇੜੀ ਹੈ। ਤ੍ਰਿਸ਼ਨਾ ਰੂਪੀ ਹਰਣੀ ਨੂੰ ਮਾਰਨ ਲਈ ਸ਼ੇਰਨੀ ਰੂਪ ਹੈ। ਇਹ ਕਦੇ ਨਾ ਭੁੱਲਣਾ:

"ਜੋ ਸਿੱਖ ਗੁਰਬਾਣੀ ਭੈ ਕਰੇ ॥
ਬਿਨ ਪ੍ਰਯਾਸ ਭਵ ਸਾਗਰ ਤਰੈ ॥

ਜਿਨ ਭੈ ਅਦਬ ਨ ਬਾਣੀ ਧਾਰਾ ॥
ਜਾਨਹੁ ਸੋ ਸਿੱਖ ਨਹੀਂ ਹਮਾਰਾ ॥ (ਸੂਰਜ ਪ੍ਰਕਾਸ਼)

ਇਹ ਅਦਬ ਦਾ ਰਾਹ ਹੀ, ਪ੍ਰਭੂ ਤਕ ਪੁਜਾਉਣ ਦਾ ਰਸਤਾ ਹੈ ਕਾਰਨ ਕਾਰਜ਼ ਦੀ ਇਹ ਸੰਗਲੀ ਹੈ ਭੈ ਬਿਨਾਂ ਭਗਤੀ ਨਹੀਂ, ਭਗਤੀ ਬਿਨਾਂ ਗਿਆਨ ਨਹੀਂ, ਗਿਆਨ ਬਿਨਾਂ ਮੁਕਤੀ ਨਹੀਂ, ਮੁਕਤੀ ਬਿਨਾਂ ਅਨੰਦ ਨਹੀਂ ਅਤੇ ਅਨੰਦ ਬਿਨਾਂ ਪ੍ਰਭੂ ਰਸ ਨਹੀਂ ।

ਅੱਜ ਅਸੀਂ ਕਿੰਨੇ ਢਿੱਲੜ ਸਿੱਖ ਬਣਦੇ ਜਾ ਰਹੇ ਹਾਂ, ਕਿ ਅੰਮ੍ਰਿਤ ਵੇਲੇ ਬਾਣੀ ਦੀਆਂ ਧੁੰਨਾਂ ਕੰਨਾਂ ਵਿਚ ਪੈਂਦੀਆਂ ਹੀ ਨਹੀਂ, ਜੇ ਕਿਧਰੇ ਸਬੱਬ ਨਾਲ ਪੈ ਜਾਣ ਤਾਂ ਵੀ ਸੁੱਤੇ ਰਹਿੰਦੇ ਹਾਂ । ਕੀ ਅਸੀਂ ਐਸਾ ਕਰਕੇ ਸਿਖ ਅਖ਼ਵਾਉਣ ਦੇ ਹੱਕਦਾਰ ਹਾਂ ?

ਦਸਮ ਪਾਤਸ਼ਾਹ ਕੋਮਲ ਹੁਨਰਾਂ ਦੇ ਬੜੇ ਕਦਰ ਦਾਨ ਸਨ । ਬੜੇ ਬੜੇ ਕਵੀ ਤੇ ਰਾਗੀ ਆਪ ਦੇ ਦਰਬਾਰ ਵਿਚ ਰਹਿੰਦੇ ਸਨ । ਇਕ ਦਿਨ ਅਨੰਦਪੁਰ ਵਿਚ ਇਕ ਸਿੰਘ ਅੰਮ੍ਰਿਤ ਵੇਲੇ ਸੁਖਮਨੀ ਦਾ ਪਾਠ ਕਰ ਰਿਹਾ ਸੀ ਕਿ ਦੀਵਾਨ ਵਿਚ ਰਾਗੀ ਆ ਗਏ । ਉਨ੍ਹਾਂ ਨੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ । ਪਾਠ ਕਰਨ ਵਾਲੇ ਸਿੰਘ ਨੇ ਕੁਝ ਤੰਗੀ ਮੰਨੀ । ਜਦ ਕੀਰਤਨ ਦਾ ਭੋਗ ਪੈ ਗਿਆ ਤਾਂ ਉਸਨੇ ਗੁਰੂ ਜੀ ਦੀ ਸੇਵਾ ਵਿਚ ਬੇਨਤੀ ਕੀਤੀ 'ਸੱਚੇ ਪਾਤਸ਼ਾਹ ! ਮੈਂ ਸੁਖਮਨੀ ਦਾ ਪਾਠ ਕਰ ਰਿਹਾ ਸੀ ! ਉਤੋਂ ਰਾਗੀ ਆ ਗਏ । ਇਹਨਾਂ ਨੇ ਕੀਰਤਨ ਸ਼ੁਰੂ ਕਰ ਦਿੱਤਾ । ਮੇਰਾ ਪਾਠ ਬੜੀ ਮੁਸ਼ਕਲ ਨਾਲ ਪੂਰਾ ਹੋਇਆ । ਇਸ ਦੋਸ਼ ਦਾ ਰਾਗੀਆਂ ਨੂੰ ਦੰਡ ਮਿਲਣਾ ਚਾਹੀਦਾ ਹੈ ?" ਇਹ ਗੱਲ ਸੁਣ ਕੇ ਕਲਗੀਧਰ ਨੇ ਬਚਨ ਕੀਤਾ ।

ਤੂੰ ਸੰਗਤ ਕੋ ਦੇਤ ਚਬੀਣੀ । ਜਿਸ ਤੇ ਤ੍ਰਿਪਤ ਹੋਇ ਹੈ ਝੀਣੀ ॥
ਰਾਗੀ ਆਨ ਪ੍ਰਸਾਦ ਛਕਾਯੋ । ਬਡ ਭਾਗਨ ਕੇ ਬਹੁ ਤ੍ਰਿਪਤਾਯੋ ॥
ਇਨ ਪਰ ਗੁਰ ਕੀ ਖੁਸ਼ੀ ਅਪਾਰਾ । ਕਲਜੁਗ ਕੀਰਤਨ ਨਾਮ ਅਧਾਰਾ ॥
(ਸੂਰਜ ਪ੍ਰਕਾਸ਼ ਰੁਤ ੩-੩੪)

ਦਸਮ ਪਾਤਸ਼ਾਹ ਨੇ ਆਪਣੀ ਬਾਣੀ ਰਾਮਕਲੀ, ਦੇਵ ਗੰਧਾਰ ਆਦਿਕ ਰਾਗਾਂ ਵਿਚ ਉਚਾਰਣ ਕੀਤੀ ਹੈ । ਰਿਆਸਤ ਮੰਡੀ ਵਿਚ ਦਸਮ ਪਾਤਸ਼ਾਹ ਦਾ ਇਕ ਬਹੁਤ ਭਾਰੀ ਰਬਾਬ ਪਿਆ ਹੈ । ਆਨੰਦਪੁਰ ਦੇ ਮਹਾਨ ਜੰਗ ਦੇ ਸਮੇਂ ਦਸ ਲੱਖ ਦੁਸ਼ਮਣਾਂ ਵਿਚ ਘਿਰੇ ਹੋਏ ਕਲਗੀਧਰ, ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਰਹੇ ।

ਕਈ ਸਿਆਣਿਆਂ ਦਾ ਖਿਆਲ ਹੈ ਕਿ ਤਲਵਾਰ ਅਤੇ ਨੇਜ਼ੇ ਤੋਂ ਕੌਮਾਂ ਦੀ ਕਿਸਮਤ ਬਣਦੀ ਹੈ । ਰਾਗ ਅਤੇ ਸਾਜ਼ਾਂ ਉਤੇ ਮੁੱਕ ਜਾਂਦੀ ਹੈ । ਸਿੱਖ ਧਰਮ ਨੇ ਮਨ ਨੂੰ ਪਵਿੱਤਰ ਕਰਨ ਲਈ ਕੀਰਤਨ ਦੀਨ ਰੱਖਿਆ ਤੇ ਆਜ਼ਾਦੀ ਲਈ ਤਲਵਾਰ ਫੜਾ ਕੇ ਇਸ ਨੂੰ ਸੰਪੂਰਣ ਕੀਤਾ ।

ਇਸ ਵਕਤ ਪੱਛਮੀ ਪ੍ਰਭਾਵ ਤੇ ਸਿਨਮਿਆਂ ਦੇ ਕਾਰਨ ਕੀਰਤਨ ਦੀ ਮਰਯਾਦਾ ਵਿਗੜ ਰਹੀ ਹੈ । ਤਰਜ਼ਾਂ ਵਿਚ ਚਟਕ-ਮਟਕ ਤੇ ਹੁੰਦੀ ਹੈ, ਨਿੰਗਰਤਾ ਨਹੀਂ ਹੁੰਦੀ ।
(ਬਾਕੀ ਸਫਾ 34 ਤੇ)

# ਰਾਗ ਆਸਾ

ਤਾਲ ਕਹਿਰਾਵਾ —ਸੰਤ ਸਰਵਣ ਸਿੰਘ ਗੰਧਰਬ

ਸਥਾਈ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਮਾਤ੍ਰੇ | 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
| ਸਰਗਮ | — | ਗ | ਪ | ਧ | ਸਾਂ | ਸਾਂ | ਸਾਂ | ਸਾਂ | — | ਨੀ | ਧ | ਨੀ | ਧ | ਪ | ਪ | ਪ |
| ਸ਼ਬਦ | ऽ | ਬਿਰ | ਥਾ | ਕ | ਹਉ | ऽ | ऽ | ऽ | ऽ | ਬਿਰ | ਥਾ | ਕ | ਹਉ | ऽ | ऽ | ऽ |
| ਸਰਗਮ | — | ਗ | ਪ | ਮ | ਗ | ਰੇ | ਰੇ | ਸਾ | ਰੇ | ਗ | ਗ | ਗ | ਗ | ਮ | ਪ | ਧ |
| ਸ਼ਬਦ | ऽ | ਕ | ਹਉ | ਕ | ਉ | ਨ | ਸਿ | ਉ | ਮ | ਨ | ਕੀ | ऽ | ਬਿ | ਰ | ਥਾ | ऽ |
| ਸਰਗਮ | — | ਗ | ਪ | ਮ | ਮਗ | ਰੇ | ਗਰੇ | ਸਾ | ਸਾ | ਸਾ | ਸਾ | — | — | — | — | — |
| ਸ਼ਬਦ | ऽ | ਕ | ਹਉ | ਕ | ਉऽ | ਨ | ਸਿऽ | ਉ | ਮ | ਨ | ਕੀ | — | ऽ | ऽ | ऽ | ऽ |
| ਤਾਲ ਚਿੰਨ੍ਹ | × | | | | 0 | | | | × | | | | 0 | | | |

ਅੰਤਰਾ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਮਾਤਰੇ | 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
| ਸਰਗਮ | — | ਪ | ਧ | ਪ | ਪ | ਪ | ਪ | ਪ | — | ਗੰਗੰ | ਗੰ | ਮੰ | ਗੰ | ਗੰ | ਗੰ | ਗੰ |
| ਸ਼ਬਦ | ऽ | ਲੇ | ਭ | ਗੁ | ਸਿਉ | ऽ | ऽ | ऽ | ऽ | ਦਸ | ਹੁ | ਦਿਸ | ਧਾ | ऽ | ਵ | ਤ |
| ਸਰਗਮ | — | ਰੇਂ | ਰੇਂ | ਰੇਂ | ਰੇਂ | ਰੇਂ | ਰੇਂ | ਗ | ਰੇਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ |
| ਸ਼ਬਦ | ऽ | ਆ | ऽ | ਸਾ | ਲਾ | ਗਿ | ਓ | ऽ | ਧ | ਨ | ਕੀ | ऽ | ऽ | ऽ | ऽ | ऽ |
| ਤਾਲ ਚਿੰਨ੍ਹ | × | | | | 0 | | | | × | | | | 0 | | | |

ਨੋਟ :—ਬਾਕੀ ਅੰਤਰੇ ਵੀ ਇਨ੍ਹਾਂ ਸੁਰਾਂ ਤੇ ਹੀ ਗਾਏ ਜਾਣਗੇ : ਉਪ੍ਰੋਕਤ ਲਿਖੇ ਸ਼ਬਦ ਦੀ ਸੁਰ ਲਿਪੀ ਤੇ ਹੀ ਨਿਮਨ ਲਿਖਤ ਸ਼ਬਦ ਪੜ੍ਹਿਆ ਜਾਵੇਗਾ ।

(ਸਫਾ 31 ਦੀ ਬਾਕੀ)
ਕੀਰਤਨ ਦੀਆਂ ਪੁਰਾਤਨ ਰਹੁਰੀਤਾਂ ਤੇ ਮਰਯਾਦਾ ਨੂੰ ਕਾਇਮ ਰੱਖਣ ਲਈ ਇਕ ਟਕਸਾਲ ਦੀ ਲੋੜ ਹੈ ।

ਗੁਰੂ ਜੀ ਨੇ ਰਾਗ ਸੰਬੰਧੀ ਇਕ ਰਾਇ ਪ੍ਰਗਟ ਕੀਤੀ ਹੈ :—

ਸਭਨਾ ਰਾਗਾਂ ਵਿਚ ਸੋ ਭਲਾ ਭਾਈ ਜਿਤੁ ਵਸਿਆ ਮਨ ਆਇ ॥
ਰਾਗ ਨਾਦ ਸਭ ਸਚ ਹੈ ਕੀਮਤ ਕਹੀ ਨ ਜਾਇ ॥ (ਮ: ੪)

ਕੀਰਤਨ ਲਈ ਰਾਗ ਨੂੰ ਪ੍ਰਵਾਨ ਕੀਤਾ ਹੈ, ਪਰ ਰਾਗ ਦਾ ਦੂਸਰਾ ਅੰਗ ਨਿਰਤ ਨਹੀਂ ਕਬੂਲ ਕੀਤਾ । ਨਿਰਤ ਦਾ ਮਤਲਬ ਹੈ ਗਾਉਣ ਲੈਅ, ਤਾਲ ਦੇ ਨਾਲ ਸਰੀਰਕ ਅੰਗਾਂ ਦੀ ਹਰਕਤ, ਇਹ ਕੇਵਲ ਕਲਾ ਹੈ । ਸਿੱਖ ਸੰਗਤ ਵਿਚ ਰਾਗ ਦਵਾਰਾ ਕੀਰਤਨ ਦੀ ਮਰਯਾਦਾ ਕਾਇਮ ਕੀਤੀ ਹੈ, ਪਰ ਨਿਰਤਕਾਰੀ ਨੂੰ ਪ੍ਰਵਾਨ ਨਹੀਂ ਕੀਤਾ ।

ਸਿੱਖ ਧਰਮ ਫਿਲਾਸਫੀ ਵਿਚੋਂ ਧੰਨਵਾਦ ਸਹਿਤ

—0—

# Kirtan Opens The Inner Eye

Dr. Bishan Swaroop Aggarwal 'Ropari'

Lord's love surges forth
In great measure
Power and riches don't matter
Kirtan brings full treasure

Peace of mind is there
Contentment we enjoy
Meditation is at door
World does not annoy

Each barticle of creation
Is so vividly seen
The bubil of the eye
Expands to glean

Whole universe dances
Before the inner eye
Lord's abode is there
It's beyond our sky